# ਮ੍ਰਿਗਨੈਣੀ

( ਮੌਲਿਕ ਸੋਸ਼ਲ ਨਾਟਕ )

ਕਰਤਾ

ਪ੍ਰੋ: ਬਲਬੀਰ ਸਿੰਘ

www.PunjabiLibrary.com

—ਪ੍ਰਕਾਸ਼ਕ—

ਹਰੀ ਸਿੰਘ ਐਂਡ ਬ੍ਰਾਦਰਜ਼

ਜਲੰਧਰ ਸ਼ਹਿਰ।

7/BS

[illegible]

Digitized by Panjab Digital Library | www.panjabdigilib.org

ਸਭ ਹੱਕ ਰਾਖਵੇਂ ਹਨ।

*Published by:—*
S. Jawand Singh Prop.
**HARI SINGH & BROS.,**
Jullundur City.

*Printed by*
S. Jawand Singh Prop. The Teacher Printing Press,
Adda Tanda Road, Jullundur City.

Digitized by Panjab Digital Library | www.panjabdigilib.org

# ਜਾਣ ਪਛਾਣ

ਸਾਹਿਤਕ ਖੇਤ੍ਰ ਵਿਚ ਵਿਚਰਿਆਂ ਪ੍ਰੋਫੈਸਰ ਬਲਬੀਰ ਸਿੰਘ ਨੂੰ ਹੁਣ ਕਾਫ਼ੀ ਸਮਾਂ ਹੋ ਗਿਆ ਹੈ ਤੇ ਸ਼ਾਇਦ ਹੀ ਕੋਈ ਪੰਜਾਬੀ ਪੜ੍ਹਿਆ ਇਹੋ ਜਿਹਾ ਹੋਵੇ ਜੋ ਇਹਨਾਂ ਦੇ ਨਾਂਅ ਤੋਂ ਪ੍ਰੀਚਤ ਨ ਹੋਵੇ। ਇਹਨਾਂ ਦੀਆਂ ਕਹਾਣੀਆਂ ਤੇ ਇਕਾਂਗੀ ਸਮੇਂ ਸਮੇਂ ਕਈ ਮਾਸਕ ਤੇ ਸਪਤਾਹਕ ਪਤ੍ਰਾਂ ਵਿਚ ਛਪਦੇ ਰਹਿੰਦੇ ਹਨ ਤੇ ਪੜ੍ਹਨ ਵਾਲਿਆਂ ਦੇ ਮਨਾ ਤੇ ਇਕ ਖਾਸ ਪ੍ਰਭਾਵ ਪਾਂਦੇ ਹਨ। ਇਹਨਾਂ ਨੇਂ ਫਿਰ ਵੀ ਰਵਾਜਨ ਮੈਨੂੰ ਹੀ ਭੂਮਕਾ ਲਿਖਣ ਲਈ ਆਖਿਆ ਹੈ। ਅਪਣੀ ਪੁਸਤਕ ਦੀ ਭੂਮਕਾ ਆਪ ਲਿਖਣ ਦੇ ਹੱਕ ਵਿਚ ਨਹੀਂ ਤੇ ਇਹ ਹੀ ਕਾਰਨ ਇਨਾਂ ਮੈਨੂੰ ਦਸਿਆ ਸੀ, ਜਦ ਮੈਂ ਇਹਨਾਂ ਨੂੰ ਇਸ ਕਿਤਾਬ ਦੀ ਭੂਮਕਾ ਆਪ ਲਿਖਣ ਲਈ ਆਖਿਆ ਸੀ।

ਪ੍ਰੋਫੈਸਰ ਬਲਬੀਰ ਸਿੰਘ ਨੂੰ ਮੈਂ ਬੜੇ ਚਿਰ ਤੋਂ ਜਾਣਦੀ ਹਾਂ। ਓਦੋਂ ਦੀ ਜਦੋਂ ਮੈਂ ਤੇ ਉਹ ਕਠੇ ਐਫ਼ਃ ਸੀਃ ਕਾਲਜ ਲਾਹੌਰ ਪੜ੍ਹਿਆ ਕਰਦੇ ਸਾਂ। ਮੇਰੀ ਇਹਨਾਂ ਦੀ ਸਾਂਝ ਓਦੋਂ ਬਣੀ ਜਦ ਮੈਂ ਇਹਨਾਂ ਨੂੰ ਅਪਣਾ ਲੇਖ ਫੋਲੀਓ, ਕਾਲਜ ਦੇ ਮੈਗਜ਼ੀਨ, ਵਿਚ ਛਪਵਾਣ ਲਈ ਦਿਤਾ। ਪ੍ਰੋਫੈਸਰ ਸਾਹਿਬ ਫੋਲੀਓ, ਦੇ ਐਡੀਟਰ ਸਨ ਤੇ ਸਫਲ ਐਡੀਟਰ। ਕਾਲਜ ਵਾਲਿਆਂ ਨੇਂ ਇਹਨਾਂ ਨੂੰ ਇਸ ਸਫਲਤਾ ਨਾਲ ਕੰਮ ਕਰਨ ਲਈ ਤਿੰਨ ਵਾਰੀ ਇਨਾਮ ਦਿਤਾ ਤੇ ਇਹ ਕਾਲਜ ਵਿਚ ਮੈਗਜ਼ੀਨ ਦੇ ਐਡੀਟਰ ਰਹੇ। ਮੇਰਾ ਲੇਖ ਇਹਨਾਂ ਨੇਂ ਠੀਕ ਕਰਕੇ ਛਾਪ ਦਿਤਾ। ਇਕ ਵਾਰੀ ਦੇ ਵਤੀਰੇ ਵਿਚ ਹੀ ਮੈਂ ਇਹਨਾਂ ਨੂੰ ਅਤਿ ਮਿਠੇ ਸੁਭਾ ਦੇ ਤੇ ਸੁਹਿਰਦ ਡਿਠਾ ਤੇ ਇਹਨਾਂ ਦੇ ਖਿਆਲਾਂ ਨੂੰ, ਸੁਭਾਅ ਤੇ ਵਤੀਰੇ ਨੂੰ ਵੇਖਕੇ ਸਾਡੀ ਸਾਂਝ ਅਪਣੇ ਆਪ ਪਕੇਰੀ ਹੁੰਦੀ ਗਈ। ਤੇ ਹੁੰਦੀ ਹੁੰਦੀ ਦਿਲਾਂ ਦੀ ਸਾਂਝ ਤਕ ਜਾ ਅਪੜੀ। ਇਹਨਾਂ ਦੇ ਖਿਆਲ

Digitized by Panjab Digital Library | www.panjabdigilib.org

ਅਮੀਰਾਂ ਵਾਲੇ ਸਨ, ਜਿਵੇਂ ਅਮੀਰ ਮਾਪਿਆਂ ਦੀ ਸੰਤਾਨ ਦੇ ਹੋਣੇ ਚਾਹੀਦੇ ਸਨ, ਪਰ ਲਾ ਪ੍ਰਵਾਹ ਨਹੀਂ ਸਨ । ਜੋ ਕੰਮ ਕਰਦੇ ਦਿਲ ਲਾ ਕੇ ਕਰਦੇ । ਨਿਕੀ ਨਿਕੀ ਗਲ ਗੌਹ ਨਾਲ ਸੁਣਦੇ, ਮਾਮੂਲੀ ਮਾਮੂਲੀ ਦ੍ਰਿਸ਼ ਨੂੰ ਚੰਗੀ ਤਰ੍ਹਾਂ ਵੇਖਦੇ, ਘੋਖਦੇ ਤੇ ਖੂਬ ਵਿਚਾਰਦੇ । ਅਪਣੇ ਵਿਚਾਰਾਂ ਨੂੰ ਉਲੀਕਣ ਦਾ ਜਤਨ ਕਰਦੇ । ਫੋਲੀਉ ਵਿਚ ਛਪੇ ਇਹਨਾਂ ਦੇ ਇਕਾਂਗੀ, ਖਾਸ ਕਰਕੇ, "ਨਵਾਂ ਸਾਲ" ਤੇ "ਕਾਲਜੀਏਟ" ਨੇ ਬੜਾ ਮਾਨ ਪ੍ਰਾਪਤ ਕੀਤਾ । ਪਹਿਲੇ ਵਿਚ ਅਨਪੜ੍ਹ ਵਹੁਟੀ ਤੇ ਪੜ੍ਹੇ ਹੋਏ ਪਤੀ ਦਾ ਚਿਤ੍ਰ ਤੇ ਦੂਜੇ ਵਿਚ ਕਾਲਜ ਦੇ ਵਿਦਿਆਰਥੀਆਂ ਦਾ ਚਿਤ੍ਰ ਜੋ ਉਹਨੀ ਦਿਨੀਂ ਨਵੇਂ ਫੈਸ਼ਨਾਂ ਤੇ ਸੇਕਸ਼ਪੀਅਰ ਦੇ ਨਾਟਕਾਂ ਤੇ ਹੋਰ ਪੱਛਮੀ ਲਿਖਾਰੀਆਂ ਦੇ ਨਾਵਲਾਂ ਨਾਲ ਵਧੇਰੇ ਪ੍ਰਭਾਵਤ ਹੁੰਦੇ ਸਨ, ਨੂੰ ਇਨੀ ਸਫਲਤਾ ਨਾਲ ਉਲੀਕਿਆ, ਜੋ ਇਹਨਾਂ ਨੂੰ ਕਾਲਜ ਵਿਚ ਹੋ ਰਹੇ "ਨੇਕ ਪਰਵੀਨ" ਡਰਾਮੇ ਵਿਚ ਕੰਮ ਕਰਨ ਤੇ ਉਸ ਡਰਾਮੇ ਨੂੰ ਡਾਇਰੈਕਟ ਕਰਨ ਲਈ ਆਖਿਆ ਗਿਆ । ਜਿਸ ਸਫਲਤਾ ਨਾਲ ਉਹ ਡਰਾਮਾ ਖੇਡਿਆ ਗਿਆ ਤੇ ਇਹਨਾਂ ਦੇ ਆਪਣੇ ਪਾਰਟ ਨੂੰ ਵੇਖ ਕੇ ਦਸ਼ਕ ਅਸ਼ ਅਸ਼ ਕਰ ਉਠੇ। ਐਉਂ ਪ੍ਰਤੀਤ ਹੁੰਦਾ ਸੀ, ਜੋ ਬਲਬੀਰ ਸਿੰਘ ਜਮਾਂਦਰੂ ਨਾਟਕ ਕਾਰ ਹੁੰਦਾ ਹੈ । ਇਹਨਾਂ ਵਿਚ ਨਾਟਕੀ ਰੁਚੀ ਬੜੀ ਪ੍ਰਬਲ ਤੇ ਪ੍ਰਭਾਵ ਸ਼ਾਲੀ ਸੀ । ਉਸ ਤੋਂ ਪਿਛੋਂ ਇਹਨਾਂ ਕਈ ਨਾਟਕ ਖੇਡੇ ਤੇ ਖਿਡਾਏ ਤੇ ਹਰ ਵਾਰੀ ਇਹਨਾਂ ਦੀ ਨਾਟਕੀ ਕਲਾ ਵਧੇਰੇ ਹੀ ਸ਼ਲਾਘਾ ਯੋਗ ਤੇ ਉਜਾਗਰ ਹੋਈ । ਜੀਵਨ ਦੀ ਹਰ ਝਾਕੀ ਨੂੰ, ਮਨੁਖੀ ਹਾਵ ਭਾਵ ਨੂੰ ਤੇ ਦੂਜੇ ਦੇ ਮਾਨਸਕ ਵੇਗ ਨੂੰ ਇਸ ਨਾਟਕੀ ਰੁਚੀ ਨਾਲ ਵੇਖਦੇ ਤੇ ਉਲੀਕਦੇ ਹਨ, ਜੋ ਇਹਨਾਂ ਦੇ ਇਸ ਕੰਮ ਦੀ ਬਦੋਬਦੀ ਸ਼ਲਾਘਾ ਕਰਨੀ ਪੈਂਦੀ ਹੈ।

ਇਹ ਜਮਾਂਦਰੂ ਕਲਾਕਾਰ ਹੈ, ਭਾਵੇਂ ਕਿਤਾਬਾਂ ਲਗਣ ਵਲੋਂ ਇਹਨਾਂ ਨਾਲ ਬੇ ਇਨਸਾਫੀ ਹੁੰਦੀ ਰਹਿੰਦੀ ਹੈ ਤੇ ਇਹਨਾਂ ਦੀ ਕਲਾ ਦੀ ਯੋਗਤਾ ਦੀ ਠੀਕ ਪ੍ਰਸ਼ੰਸਾ ਨਹੀਂ ਕੀਤੀ ਗਈ ਪਰ ਸ਼ਾਇਦ ਇਹ

Digitized by Panjab Digital Library | www.panjabdigilib.org

ਨਹੀਂ ਜਾਣਦੇ ਕਿ ਕਿਤਾਬਾਂ ਲੁਆਣ ਲਈ ਕੀ ਕੀ ਸਿਫਤਾਂ ਹੋਣੀਆਂ ਚਾਹੀਦੀਆਂ ਹਨ। ਦੂਜਾ ਕਾਰਨ ਜੋ ਵਡਾ ਕਾਰਨ ਹੈ, ਉਹ ਹੈ ਪ੍ਰੋਫੈਸਰ ਸਾਹਿਬ ਦਾ ਕਿਸੇ ਦੀਆਂ ਬੇ ਲੋੜੀਆਂ ਵਾਧੂ ਲਿਲਕਣੀਆਂ ਨਾ ਲੈਣਾ। ਉਹ ਆਪ ਇਕਵਾਰੀ ਬਚਨ ਦੇ ਕੇ ਉਸਨੂੰ ਪੂਰਾ ਕਰ ਦੇਣ ਦਾ ਜਤਨ ਕਰ ਦੇਂਦੇ ਹਨ, ਤੇ ਹੋਰਨਾਂ ਲਈ ਵੀ ਇਹ ਹੀ ਸਮਝਦੇ ਹਨ, ਪਰ ਉਹ ਇਹ ਨਹੀਂ ਸਮਝਦੇ ਜੋ ਵਰਤਮਾਨ ਕਾਲ ਦੇ ਸਿਆਣੇ ਤੇ ਹੰਢੇ ਹੋਏ ਪੁਰਸ਼ ਆਖਣਾ ਤੇ ਕਰਨਾ ਦੋ ਗਲਾਂ ਸਮਝਦੇ ਹਨ। ਆਪ ਦੋਹਾਂ ਗਲਾਂ ਨੂੰ ਇਕ ਹੀ ਖਿਆਲ ਕਰਦੇ ਹਨ। ਉਹ ਸਮਝਦੇ ਹਨ, ਆਖਣ ਤੇ ਕਰਨ ਵਿਚ ਕੋਈ ਅੰਤਰ ਨਹੀਂ ਹੋਣਾ ਚਾਹੀਦਾ। ਇਹ ਸਵੈ ਸਤਿਕਾਰ ਤੇ ਮਾਨ ਵਾਲੇ ਹਨ, ਸਵੈ ਸਤਿਕਾਰ ਤੇ ਮਾਨ ਜੋ ਕਈ ਵਾਰ ਆਕੜ ਦਾ ਰੂਪ ਧਾਰਨ ਕਰ ਲੈਂਦੀ ਹੈ। ਦੁਨੀਆਂ ਦਾਰੀ ਤੋਂ ਕੋਰੇ ਤੇ ਨਿਆਰੇ ਹਨ; ਦਿਲ ਦੇ ਅਤਿ ਸਾਫ ਹਨ, ਭਾਵੇਂ ਚੁਪ ਗੜੁਪ ਰਹਿੰਦੇ ਹਨ, ਪਰ ਹਰ ਗਲ ਨੂੰ ਸਮਝਦੇ ਹਨ। ਇਹਨਾਂ ਦੀ ਸਹਿਨ ਸ਼ੀਲਤਾ ਤੇ ਗੌਰਵਪਣ ਅਕਾ ਦੇਣ ਦੀ ਹਦ ਤਕ ਅਪੜੇ ਹੋਏ ਹਨ। ਤੇ ਅਪਣੇ ਵਿਰੋਧੀਆਂ ਦੀ ਹਰ ਅਯੋਗ ਗਲ ਨੂੰ ਚੁਪ ਕਰਕੇ ਸਹਾਰੀ ਜਾਂਦੇ ਹਨ ਤੇ ਅਡੋਲ ਰਹਿੰਦੇ ਹਨ।

ਇਹਨਾਂ ਦਾ ਜੀਵਨ ਹੋਰਨਾਂ ਲਈ ਚਾਨਣ ਮੁਨਾਰੇ ਦਾ ਕੰਮ ਦੇ ਸਕਦਾ ਹੈ। ਝੂਠ ਤੇ ਦਗ਼ਾ ਫਰੇਬ ਨੂੰ ਨਿੰਦਦੇ ਹਨ ਤੇ ਸੱਚ, ਦੂਜੇ ਨੂੰ ਗੁਸੇ ਕਰਨ ਦੀ ਹਦ ਤਕ, ਬੋਲ ਦੇਂਦੇ ਹਨ। ਜਗ ਵਿਖਾਵੇ ਨੂੰ ਹਾਰਦਿਕ ਘ੍ਰਿਣਾ ਕਰਦੇ ਹਨ। ਰਾਤ ਨੂੰ ਰੋਜ਼, ਮੀਂਹ ਜਾਏ ਹਨੇਰੀ ਜਾਏ, ਸਾਢੇ ਬਾਰਾਂ ਉਠਕੇ ਨਿਤ ਦੇ ਕ੍ਰਿਆ ਕਰਮ ਤੋਂ ਵਿਹਲੇ ਹੋ ਕੇ ਸੁਚੇਤ ਹੋ ਕੇ ਖਾਲਸਾ ਕਾਲਜੋਂ ਸ੍ਰੀ ਦਰਬਾਰ ਸਾਹਿਬ ਅਪੜ ਜਾਣਾ, ਉਥੇ ਸੇਵਾ ਕਰਨੀ ਤੇ ਚੌਂਕੜ ਮਾਰ ਕੇ ਸਵੇਰ ਦੇ ਸਾਢੇ ਛੇ ਵਜੇ ਤਕ ਇਕ ਮਨ, ਇਕ ਚਿਤ ਹੋ ਕੇ, ਸੰਸਾਰਕ ਵਾਸ਼ਨਾਂ ਨੂੰ ਤਿਆਗ ਕੇ ਬਾਬੇ ਦਾ ਕੀਰਤਨ ਸ੍ਰਵਨ ਕਰਨਾ, ਇਕ ਯੁਵਕ ਲਈ ਨਿਸੰਦੇਹ ਸ਼ਲਾਘਾ

Digitized by Panjab Digital Library | www.panjabdigilib.org

ਯੋਗ ਹੈ। ਇਸ ਜ਼ਮਾਨੇ ਵਿਚ ਜਦ ਕਿ ਨੌਜਵਾਨ ਲਈ ਸਿੱਖੀ ਤੋਂ ਦਿਨ ਪ੍ਰਤੀ ਦਿਨ ਦੂਰ ਹੁੰਦੇ ਜਾ ਰਹੇ ਹਨ, ਇਕ ਅਮੀਰ, ਰਈਸ ਤਬਾ ਤੇ ਪੜ੍ਹੇ ਲਿਖੇ ਨੌਜਵਾਨ ਲਈ ਜ਼ਰੂਰ ਪ੍ਰਸੰਸਾ ਯੋਗ ਹੈ।

ਮੇਰਾ ਤੇ ਇਹਨਾਂ ਦਾ ਜੀਵਨ ਇਕ ਹੈ, ਦਿਲ ਸਾਂਝੇ ਹਨ, ਸਗੋਂ ਸਾਡਾ ਸਭ ਕੁਝ ਸਾਂਝਾ ਹੈ, ਪਰ ਇਹਨਾਂ ਕੁਝ ਹੁੰਦੇ ਹੋਏ ਵੀ ਸਾਡੇ ਵਿਚਾਰਾਂ ਵਿਚ ਅੰਤਰ ਹੈ, ਅਸੀਂ ਰਹਿੰਦੇ ਅੱਡ ਅੱਡ ਹਾਂ। ਕਈ ਵਾਰੀ ਮੱਤ ਭੇਦ ਹੋ ਜਾਂਦਾ ਹੈ, ਜੋ ਕਈ ਵਾਰੀ ਵਿਰੋਧਤਾ ਦੀ ਸੂਰਤ ਲੈ ਲੈਂਦਾ ਹੈ। ਇਹ ਗਲਾਂ ਲਿਖਣ ਤੋਂ ਮੇਰਾ ਭਾਵ ਕੇਵਲ ਇਹ ਦਸਣਾ ਹੈ ਕਿ ਮੈਂ ਇਹਨਾਂ ਦੀ ਜਾਣ ਪਛਾਣ ਇੰਨੇ ਉਚੇ ਸ਼ਬਦਾਂ ਵਿਚ ਜੇ ਕਰ ਕਰਦੀ ਹਾਂ, ਤਾਂ ਇਹ ਬੇ ਲੋੜਾ ਨਾ ਭਾਸੇ, ਠੀਕ ਸ਼ਲਾਘਾ ਦੇਣੀ ਯੋਗ ਹੁੰਦੀ ਹੈ।

ਇਹ ਪੁਸਤਕ ਜਦ ਮੇਰੇ ਕੋਲ ਭੂਮਕਾ ਦੇ ਦੋ ਸ਼ਬਦ ਲਿਖਣ ਲਈ ਆਈ ਤੇ ਮੈਂ ਪੜ੍ਹੀ ਤਾਂ ਪੜ੍ਹਕੇ ਮੈਂ ਹੈਰਾਨ ਹੋ ਗਈ। ਅਜ ਤੋਂ ਦਸ ਸਾਲ ਪਹਿਲਾਂ ਦੀ ਹੋਈ ਹੋਈ ਘਟਨਾ ਨੂੰ ਇਹਨਾਂ ਨੇ ਜਿਸ ਢੰਗ ਨਾਲ ਚਿਤਰਿਆ, ਉਹ ਪੜ੍ਹਕੇ ਮੈਂ ਇਹਨਾਂ ਦੀ ਕ੍ਰਿਤ ਦੀ ਦਾਦ ਦਿਤੇ ਬਿਨਾਂ ਨਾ ਰਹਿ ਸਕੀ; ਸਮੇਂ ਨੇ ਆਪਣੇ ਪੈਰ-ਚਿੱਤ੍ਰ, ਇਹਨਾਂ ਦੇ ਮਨ ਤੇ ਇਹਨੇ ਡੂੰਘੇ ਛਡੇ ਹੋਏ ਹਨ, ਇਹ ਮੇਰੇ ਲਈ ਸਚ ਮੁਚ ਹੀ ਹੈਰਾਨੀ-ਜਨਕ ਸੀ। ਸਚ ਮੁਚ ਦੀ ਘਟਨਾਂ ਨੂੰ ਇਹਨਾਂ ਨੇ ਨਾਟਕੀ ਰੂਪ ਦਿਤਾ ਹੈ; ਘਟਨਾ ਦਾ ਕੋਈ ਅੰਗ ਛਡਿਆ ਨਹੀਂ ਗਿਆ, ਹਾਂ ਇਸ ਨੂੰ ਵਧੇਰੇ ਰੌਚਕ ਬਨਾਣ ਦਾ ਯਤਨ ਕੀਤਾ ਗਿਆ ਹੈ ਤੇ ਇਸ ਯਤਨ ਵਿਚ ਅਕਹਿ ਸਫਲਤਾ ਪ੍ਰਾਪਤ ਕੀਤੀ ਹੈ, ਮੈਂ ਇਸ ਲਈ ਇਹਨਾਂ ਨੂੰ ਦਿਲੋਂ ਵਧਾਈ ਦੇਂਦੀ ਹਾਂ।

ਨਾਟਕ ਵਿਚ ਸੁਭਾਵਕਤਾ ਕੁਟ ਕੁਟ ਕੇ ਭਰੀ ਪਈ ਹੈ, ਪਾਤਰ ਉਸਾਰੀ ਉਚੇ ਦਰਜੇ ਦੀ ਹੈ ਤੇ ਬੋਲੀ ਢੁਕਵੀਂ ਹੈ ਜਿਸ ਵਿਚ ਅਖਾਉਤਾਂ ਤੇ ਮੁਹਾਵਰੇ ਸੁਚੱਜੇ ਢੰਗ ਨਾਲ ਵਰਤੇ ਗਏ ਹਨ। ਦੀਪਾਂ ਦਾ ਬਾਬੇ ਦੀ ਆਖਰੀ ਖਾਹਿਸ਼ ਦੇ ਠੀਕ ਅਰਥ ਕਢਣੇ ਤੇ ਦੀਵਾਨ ਦੇ ਸਵੈ ਲਾਭ ਲਈ ਕਢੇ ਅਰਥਾਂ

Digitized by Panjab Digital Library | www.panjabdigilib.org

ਵਿਰੁਧ ਬਗ਼ਾਵਤ ਕਰ ਦੇਣੀ ਨਿਸੰਦੇਹ ਸਮੇਂ ਦੇ ਐਨ ਅਨਕੂਲ ਹੈ; ਫਿਰ ਗੁਬਿੰਦੇ ਦਾ ਦੀਵਾਨ ਦਾ ਪੁਤਰ ਨਿਕਲ ਆਉਣਾ ਤੇ ਮੋਹਣ ਦਾ, ਬੰਸੀ, ਦੀਵਾਨ ਦਾ ਪੁਰਾਣਾ ਨੌਕਰ ਪ੍ਰਗਟ ਹੋਣਾ; ਨੌਕਰ, ਜਿਸ ਨੇ ਦੀਵਾਨ ਦੀ ਸਾਰੀ ਜਿੰਦਗੀ ਨੂੰ ਹੀ ਉਥਲਪੁਥੱਲ ਦਿਤਾ, ਕੇਵਲ ਆਪਣਾ ਬਦਲਾ ਲੈਣ ਦੀ ਖਾਤਰ ਤੇ ਆਪਣੀ ਕੀਤੀ ਗਈ ਨਿਰਾਦਰੀ ਦੀ ਭਖ ਰਹੀ ਜਵਾਲਾ ਨੂੰ ਸ਼ਾਂਤ ਕਰਨ ਦੀ ਖਾਤਰ ਦੀਵਾਨ ਦੇ ਪੁਤਰ ਨੂੰ ਚੁਰਾ ਲਿਆ ਸੀ ਤੇ ਉਸ ਅੱਗ ਨੂੰ ਠੰਢਾ ਕਰਕੇ ਆਪਣੇ ਸੰਤਾਨ ਪਿਆਰ ਤੇ ਪੁਤਰ ਸਿਕ ਨੂੰ ਗੁਬਿੰਦੇ ਦੇ ਪਿਆਰ ਵਿਚ ਵਟਾ ਲਿਆ ਸੀ, ਇਹ ਸਭ ਗਲਾਂ ਜ਼ਰੂਰ ਨਾਟਕ ਦੀ ਰੌਚਕਤਾ ਵਿਚ ਵਾਧਾ ਕਰਦੀਆਂ ਹਨ। ਨਾਟਕ ਦਾ ਅੰਤ ਪਾਠਕਾਂ ਨੂੰ ਸੋਚਾਂ ਵਿਚ ਪਾ ਦੇਂਦਾ ਹੈ। ਚੰਗੇ ਨਾਟਕ ਦੇ ਸਾਰੇ ਹੀ ਗੁਣ "ਮ੍ਰਿਗਨੈਣੀ" ਵਿਚ ਹਨ। ਨਾਟਕ ਨੂੰ ਬੇ ਲੋੜਾ ਵੱਡਾ ਕਰਨ ਦਾ ਯਤਨ ਨਹੀਂ ਕੀਤਾ ਗਿਆ। ਕੋਈ ਫਾਲਤੂ ਗਲ ਨਹੀਂ ਦਿਤੀ ਗਈ। ਇਸ ਦਾ ਆਕਾਰ ਕੁਦਰਤੀ ਤੌਰ ਤੇ ਜਿੰਨਾਂ ਹੋਣਾ ਚਾਹੀਦਾ ਹੈ, ਉਹਨਾਂ ਹੀ ਰਖਿਆ ਗਿਆ ਹੈ।

ਮੈਂ ਪੂਰੀ ਜ਼ੁਮੇਵਾਰੀ ਨਾਲ ਇਸ ਨਾਟਕ ਦੀ ਪ੍ਰਸੰਸਾ ਕਰਨਾ ਆਪਣਾ ਧਰਮ ਸਮਝਦੀ ਹਾਂ ਤੇ ਪਾਠਕਾਂ ਕੋਲ ਇਸ ਨੂੰ ਪੜ੍ਹਨ ਦੀ ਜ਼ੋਰਦਾਰ ਸਿਫਾਰਸ਼ ਕਰਦੀ ਹਾਂ।

ਪਹਿਲੀ ਜਨਵਰੀ ੧੯੫੪

ਦਰਬਾਰ ਸਾਹਿਬ ਕਰਤਾਰ ਕੌਰ

ਅੰਮ੍ਰਿਤਸਰ

Digitized by Panjab Digital Library | www.panjabdigilib.org

# ਲਾਲ ਜੀਊ

Digitized by Panjab Digital Library | www.panjabdigilib.org

# ਮ੍ਰਿਗਨੈਣੀ

(ਮੌਲਿਕ ਨਾਟਕ)

Digitized by Panjab Digital Library | www.panjabdigilib.org

## ਪਾਤਰ:—

ਬਾਬਾ ਸੁੰਦਰ

ਦੀਪਾਂ

ਮੋਹਣ

ਦੁਰਗੀ

ਦੀਵਾਨ ਸਾਹਿਬ

ਗੋਬਿੰਦ

ਡਾਕਟਰ

ਹੋਰ ਨੌਕਰ, ਨਰਸ ਆਦਿ

Digitized by Panjab Digital Library | www.panjabdigilib.org

ਪਤਾ:–

[illegible]

[illegible]

[illegible]

[illegible]

[illegible]

[illegible]

[illegible]

[illegible] [redacted]

Digitized by Panjab Digital Library | www.panjabdigilib.org

# ਐਕਟ ਪਹਿਲਾ

(ਇਕ ਕਾਨਿਆਂ ਦੀ ਝੁਗੀ ਅੰਦਰ ਬੂਹਾ ਲੰਘਦੇ ਸਾਰ ਸਜੇ ਹਥ ਇਕ ਮੰਜੀ ਹੈ, ਜਿਸ ਤੇ ਪਾਟੇ ਪੁਰਾਣੇ ਤੇ ਮੈਲੇ ਕਪੜਿਆਂ ਦਾ ਬਿਸਤਰਾ ਵਿਛਿਆ ਹੋਇਆ ਹੈ ; ਬਿਸਤਰੇ ਤੇ ਬਾਬਾ ਸੁੰਦਰ ਲੇਟਿਆ ਹੋਇਆ ਹੈ। ਬਾਬਾ ਸੁੰਦਰ ਦਰਦ ਨਾਲ ਕਰਾਹ ਰਿਹਾ ਹੈ। ਉਸਦੀ ਮੰਜੀ ਤੇ ਦੀਪਾਂ ਬੈਠੀ ਹੈ। ਬਾਬੇ ਸੁੰਦਰ ਦਾ ਜਿਤਨਾਂ ਕੁ ਸਰੀਰ ਦਿਸਦਾ ਹੈ, ਉਸ ਤੋਂ ਪ੍ਰਤੀਤ ਹੁੰਦਾ ਹੈ, ਕਿ ਬਾਬੇ ਦਾ ਸਰੀਰ ਅਤਿ ਮਰੋੜਾ ਤੇ ਕੰਮਜ਼ੋਰ ਹੈ। ਚਿਹਰੇ ਦੀਆਂ ਹਡੀਆਂ ਉਭਰੀਆਂ ਹੋਈਆਂ, ਜਿਨਾਂ ਤੇ ਮਾਸ ਐਵੇਂ ਨਾਂ ਨੂੰ ਹੀ ਦਿਸਦਾ ਹੈ। ਭਰਵਟੇ ਤੇ ਮੁਛਾਂ ਦਾਹੜੀ ਚਿਟੇ ਰੰਗ ਦੇ ਹਨ।

ਦੀਪਾਂ ਜਵਾਨ, ਉਮਰ ੨੨, ੨੩ ਸਾਲ, ਕਪੜੇ ਮਾਮੂਲੀ ਜਹੇ ਹਨ, ਪਰ ਹੈਣ ਸਾਫ਼, ਸਿਰ ਦਾ ਕਪੜਾ ਵੀ ਮੋਟਾ ਹੈ ਤੇ ਅਧ ਪਚਧ ਮੈਲਾ। ਦੀਪਾਂ ਸੋਹਣੀ ਹੈ, ਪਰ ਅਖਾਂ, ਜੋ ਉਂਞ ਸੋਹਣੀਆਂ ਤੇ ਮੋਟੇ ਮੋਟੇ ਡੇਲਿਆਂ ਵਾਲੀਆਂ ਹਨ, ਜੋਤ ਹੀਨ ਹਨ, ਦੀਪਾਂ ਟੁਰਨ ਲਗਿਆਂ ਡੰਗੋਰੀ ਲੈ ਕੇ ਟੁਰਦੀ ਹੈ।

ਝੁਗੀ ਦੇ ਅੰਦਰ ਇਕ ਪਾਸੇ ਪਿਤਲ ਕਾਂਸੀ ਦੇ ਥੋੜ੍ਹੇ ਭਾਂਡੇ ਆਦਿ ਹਨ। ਬੂਹੇ ਦੀ ਸਾਹਮਣੀ ਕੰਧ ਤੇ ਇਕ ਲਾਂ ਹੈ, ਜਿਸਤੇ ਕੁਝ ਕਪੜੇ ਲਤੇ ਟੰਗੇ ਹੋਏ ਹਨ। ਇਕ ਨੁਕਰ ਵਿਚ ਮਿਟੀ ਦੇ ਕੁਝ ਭਾਂਡੇ ਇਕ ਦੂਜੇ ਦੇ ਹੇਠ ਉਤੇ ਬੜੇ ਸੁਚਜੇ ਤਰੀਕੇ ਨਾਲ ਟਿਕਾਏ ਹੋਏ ਹੈਣ। ਝੁਗੀ ਵਿਚਲੀ ਚੀਜ਼ ਵਸਤ ਸਭ ਸਾਂਭੀ ਹੋਈ ਹੈ। ਝੁਗੀ ਸਾਫ ਤੇ ਲਿੰਬੀ ਪੋਚੀ ਹੋਈ ਹੈ।

ਵਕਤ ਦੁਪਹਿਰ ਦੇ ਦੋ ਕੁ ਵਜੇ ਦਾ। ਪਰਦਾ ਉਠਦਾ ਹੈ।)

Digitized by Panjab Digital Library | www.panjabdigilib.org

ਬਾਬਾ–(ਖੰਘਦੇ ਤੇ ਕਰਾਂਹਦੇ ਹੋਏ) ਹਾਏ ... ... ਹਾਏ ... ... (ਅਪਣੀ ਛਾਤੀ ਨੂੰ ਦੋਹਾਂ ਹਥਾਂ ਵਿਚ ਘੁਟਦਾ ਹੈ) ਦੀਪਾਂ ... ... ਦੀਪਾਂ ... ... ...

ਦੀਪਾਂ–ਹਾਂ, ਬਾਬਾ ! [ਉਸ ਵਲ ਵੇਖਦੀ ਹੈ]

ਬਾਬਾ–(ਅਫਸੋਸੀ ਸੁਰ ਵਿਚ) ਦੀਵਾਨ ਸਾਹਬ ਨਹੀਂ ਆਏ ?

ਦੀਪਾਂ–(ਹੌਲੀ ਜਹੀ) ਨਹੀਂ ਬਾਬਾ। [ਧਿਆਨ ਨੀਵਾਂ ਕਰ ਲੈਂਦੀ ਹੈ]

ਬਾਬਾ–ਅਜ ਉਹ ਨਹੀਂ ਆਉਣਗੇ ?

ਦੀਪਾਂ–(ਗ਼ਮਗੀਨ ਆਵਾਜ਼ ਵਿਚ) ਕਿਉਂ ਬਾਬਾ ?

ਬਾਬਾ–ਪੁਤਰ ਅਗੇ ਦੀਵਾਨ ਸਾਹਬ ਦੋ ਐਤਵਾਰ ਖੁੰਝਾ ਗਏ ਨੇ। ਸ਼ਾਇਦ ਅਜ ਵੀ ਨਾ ਆਉਣ। ਤੂੰ ਮੇਰੀ ਗਲ ਧਿਆਨ ਨਾਲ ਸੁਣ।

ਦੀਪਾਂ–ਚੰਗਾ, ਬਾਬਾ।

ਬਾਬਾ–(ਟੁਕ ਟੁਕਕੇ) ਪੁਤਰ ਜਿਥੋਂ ਤਕ ਈਸ਼ਵਰ ਨੂੰ ਮੰਨਜ਼ੂਰ ਸੀ, ਮੈਂ ਤੇਰੀ ਪਾਲਣਾ ਕੀਤੀ ਹੈ, ਪਰ ਹੁਣ ਰਬ ਨੂੰ ਮੇਰਾ ਇਸ ਜਗ ਤੇ ਰਹਿਣਾ ਨਹੀਂ ਭਾਉਂਦਾ..................ਸੋ ਅਜ ਮੈਂ ਜਾ ਰਿਹਾਂ..............ਪੁਤਰ ਮੇਰੇ ਪਿਛੋਂ ਸੰਭਲ ਕੇ ਰਹੀਂ [ਦੀਪਾਂ ਦੀ ਇਕ ਭੁਬ ਨਿਕਲ ਜਾਂਦੀ ਹੈ]

ਦੀਪਾਂ–ਮੈਂ ਨਹੀਂ ਸੁਣਦੀ, ਬਾਬਾ।

ਬਾਬਾ–ਸੁਣ ਲੈ ਪੁਤਰ, ਕਮਾਨੋਂ ਛੁਟਾ ਤੀਰ ਤੇ ਮੂੰਹੋਂ ਨਿਕਲਿਆ ਬੋਲ, ਤੇ ਹਥੋਂ ਖੁੰਝਿਆ ਵੇਲਾ ਪਰਤ ਕੇ ਹਥ ਨਹੀਂ ਆਉਂਦੇ। ਘੜੀ ਦਾ ਘੁੱਥਾ ਮਨੁਖ ਸੌ ਕੋਹਾਂ ਤੇ ਜਾ ਪੈਂਦਾ ਹੈ। ਰੋ ਨਾਂ ਪੁਤਰ, ਮੁਸੀਬਤ ਰੋਣ ਨਾਲ ਨਹੀਂ ਕਟੀਂਦੀ। ਮੁਸੀਬਤ ਦਾ ਖਿੜੇ ਮਥੇ ਮੁਕਾਬਲਾ ਕਰਨ ਨਾਲ ਹੀ ਮੁਸੀਬਤ ਹੌਲੀ ਹੁੰਦੀ ਹੈ।

ਦੀਪਾਂ–ਅੱਛਾ, ਬਾਬਾ।

Digitized by Panjab Digital Library / www.panjabdigilib.org

ਬਾਬਾ–(ਰੁਕ ਰੁਕ ਕੇ) ਪੁਤਰ ਪਾਕਿਸਤਾਨ ਕਾਹਦਾ ਬਣਿਆ, ਸਾਡੇ ਕਰਮਾਂ ਤੇ ਗੜੇ ਮਾਰ ਹੋ ਗਈ। ਰਾਜ ਭਾਗ ਸਾਡਾ ਸਾਰਾ ਛੁਟ ਗਿਆ। ਅਸੀਂ ਦਰ ਦਰ ਦੀਆਂ ਠੋਕਰਾਂ ਖਾਣ ਜੋਗੇ ਰਹਿ ਗਏ।

ਦੀਪਾਂ–ਬਾਬਾ ਇਹ ਤੇ ਪੁਰਾਣੀਆਂ ਗੱਲਾਂ ਨੇ।

ਬਾਬਾ–ਪੁਰਾਣੀਆਂ ਨਹੀਂ ਪੁਤਰ, ਬੰਦੇ ਦੀ ਤਕਲੀਫ ਕਦੇ ਪੁਰਾਣੀ ਨਹੀਂ ਹੁੰਦੀ। ਸਦਾ ਨਵੀਂ ਹੀ ਰਹਿੰਦੀ ਹੈ। ਜਿਉਂ ਜਿਉਂ ਚਸਕਾਂ ਪੈਂਦੀਆਂ ਨੇ ਤੇ ਇਹ ਚਸਕਾਂ ਪੁਰਾਣੇ ਸੁਖ ਨੂੰ ਯਾਦ ਕਰਵਾਕੇ ਹੁਣ ਦੇ ਦੁਖ ਨੂੰ ਨਵਾਂ ਕਰ ਦੇਂਦੀਆਂ ਨੇ........ਹਾਏ........ਹਾਏ........ਪੀੜ.........

ਦੀਪਾਂ–ਬਾਬਾ ਕਿਥੇ ਪੀੜ ਹੁੰਦੀ ਆ।

ਬਾਬਾ–ਛਾਤੀ ਵਿਚ, ਵੱਖੀਆਂ ਵਿਚ।

ਦੀਪਾਂ–ਮੇਰਾ ਫਿਕਰ ਨਾ ਕਰ, ਬਾਬਾ।

ਬਾਬਾ–ਫਿਕਰ ਕਿਵੇਂ ਨਾ ਕਰਾਂ, ਦੀਪਾਂ ਮੈਂ ਪਿਉ ਆਂ, ਜਿਸ ਪਿਉ ਨੂੰ ਆਪਣੇ ਬਚਿਆਂ ਦਾ ਫਿਕਰ ਨਹੀਂ ਹੁੰਦਾ, ਉਹ ਪਿਉ ਅਖਵਾਉਣ ਦਾ ਹਕਦਾਰ ਨਹੀਂ।

ਦੀਪਾਂ–ਪਰ ਬਾਬਾ ਫਿਕਰ ਕੀਤਿਆਂ ਕੀ ਬਣਦਾ ਹੈ।

ਬਾਬਾ–ਪਰ ਮੈਂ ਤੈਨੂੰ ਕਿਸੇ ਦੀ ਸੌਂਪਣੀ ਵਿਚ ਛਡ ਜਾਂਦਾ ਤਾਂ ਮੇਰੀ ਜਾਨ ਸੌਖੀ ਨਿਕਲਦੀ। ਪਰ ਹਾਲੀ ਤਕ ਦੀਵਾਨ ਸਾਹਿਬ ਹੀ ਨਹੀਂ ਆਏ। ਆ ਜਾਂਦੇ ਤਾਂ ਚੰਗਾ ਸੀ।

ਦੀਪਾਂ–ਹੋਂ। (ਕੁਝ ਠਹਿਰ ਕੇ, ਖਿੜੇ ਚਿਹਰੇ ਨਾਲ) ਬਾਬਾ, ਦੀਵਾਨ ਸਾਹਿਬ ਅਜ ਜ਼ਰੂਰ ਆਉਣਗੇ।

ਬਾਬਾ–ਅੱਛਾ, ਉਹ ਕਿਵੇਂ ? [ਖੰਘਦਾ ਹੈ]

ਦੀਪਾਂ–ਬਾਬਾ, ਅਜ ਮੇਰਾ ਦਿਲ ਇਸ ਗਲ ਦੀ ਸ਼ਾਹਦੀ ਦੇਂਦਾ ਹੈ।

Digitized by Panjab Digital Library | www.panjabdigilib.org

ਬਾਬਾ–(ਖੰਘਦਾ ਹੋਇਆ) ਖੰ-ਊ.........ਖੰ-ਊ............ਹਾਏ,.........ਪੀੜ, ਬੜੀ ਪੀੜ.........ਚੰਗਾ ਹੋਵੇ ਦੀਵਾਨ ਸਾਹਿਬ ਅਜ ਆ ਜਾਣ।

ਦੀਪਾਂ–ਅਜ ਦੀਵਾਨ ਸਾਹਿਬ ਜ਼ਰੂਰ ਆਉਣਗੇ। [ਬਾਬਾ ਫਿਰ ਖੰਘਦਾ ਤੇ ਛਾਤੀ ਘੁਟਦਾ ਹੈ] ਬਾਬਾ ਲਿਆ ਮੈਂ ਛਾਤੀ ਘੁਟ ਦਿਆਂ। [ਹਥ ਉਸ ਵਲ ਕਰਦੀ ਹੈ]

ਬਾਬਾ–(ਉਸ ਦੇ ਹਥ ਹਟਾਂਦਾ ਹੋਇਆ) ਨਹੀਂ.........ਪੁਤਰ ਚੰਗਾ ਹੋਵੇ ਜੋ ਦੀਵਾਨ ਸਾਹਿਬ ਅਜ ਆ ਜਾਣ। [ਫਿਰ ਖੰਘਦਾ ਹੈ]

ਦੀਪਾਂ–ਕਿਉਂ ? (ਉਸ ਵਲ ਵੇਖਦੀ ਹੈ)

ਬਾਬਾ–(ਖੰਘਦਾ ਹੋਇਆ) ਪੁਤਰ......ਦੀਵਾਨ ਸਾਹਿਬ......ਆ ਜਾਣ,......ਮੈਂ ......ਤੇਰੀ ਬਾਹ ਉਹਨਾਂ ਨੂੰ ਫੜਾ ਦੇਵਾਂ......ਮੇਰੇ ਮਰਨ ਪਿਛੋਂ ਉਹ ਤੇਰਾ ਖਿਆਲ ਕਰਨਗੇ। ਹਾਏ.........ਅਜ ਮੇਰੀ ਜਾਨ ਨਿਕਲ ਜਾਏਗੀ। ਪੀੜ..............ਦੀਪਾਂ...........

ਦੀਪਾਂ–ਬਾਬਾ, ਬਹੁਤ ਨਾਂ ਬੋਲ। ਤੈਨੂੰ ਕੁਝ ਨਹੀਂ ਹੁੰਦਾ। ਰਬ ਤੈਨੂੰ ਮੇਰੇ ਲਈ ਸਲਾਮਤ ਰਖੇਗਾ।

ਬਾਬਾ–ਝੱਲੀ ਬੱਚੀ,...........ਰਬ ਆਪੇ। ਸਭ ਦਾ ਖਿਆਲ......ਰਖਦਾ ਹੈ...... ਪਰ ਅਜ ਮੈਂ ਬਚਣਾ ਨਹੀਂ.........ਦੀਪਾਂ ਮੈਨੂੰ ਬੜੀ ਪੀੜ ਹੁੰਦੀ ਹੈ।

ਦੀਪਾਂ–(ਉਠਕੇ ਤੇ ਡੰਗੋਰੀ ਫੜਦੀ ਹੋਈ) ਬਾਬਾ ਮੈਂ ਦੀਵਾਨ ਜੀ ਨੂੰ ਬਾਹਰ ਜਾ ਕੇ ਵੇਖਾਂ।

ਬਾਬਾ–ਜਾਹ.........ਸੰਭਲ ਕੇ ਜਾਈਂ......

ਦੀਪਾਂ–ਅੱਛਾ ਬਾਬਾ। [ਡੰਗੋਰੀ ਟੇਕ ਟੇਕ ਕੇ ਹੌਲੀ ਜਹੀ ਨਿਕਲ ਜਾਂਦੀ ਹੈ]

Digitized by Panjab Digital Library | www.panjabdigilib.org

ਬਾਬਾ–ਗਈ.........ਮੇਰੀ ਮਾਂ ਮਹਿਟਰ ਬੱਚੀ.........ਕਿੰਨੇ ਸੁਹਾਣੇ ਦਿਨ ਸਨ, ਉਹ......ਜਦ ਇਸਦੀ ਮਾਂ ਜੀਊਂਦੀ ਸੀ...........ਅਜ ਉਹ ਜੀਊਂਦੀ ਹੁੰਦੀ.........ਮੇਰੀ ਜਾਨ ਸੌਖੀ ਨਿਕਲਦੀ ।.........ਮੈਨੂੰ ਕੋਈ ਚਿੰਤਾ ਨਾ ਹੁੰਦੀ.........ਮੇਰੇ ਮਨ ਤੇ ਕੋਈ ਭਾਰ ਨਾ ਹੁੰਦਾ..........ਅਛਾ...... ਦੀਵਾਨ ਸਾਹਿਬ ਆ ਜਾਣ..........[ਦੁਰਗੀ ਤੇ ਮੋਹਣ ਅੰਦਰ ਆਉਂਦੇ ਤੇ ਸੁੰਦਰ ਕੋਲ ਜਾਂਦੇ ਹਨ]

ਮੋਹਣ–(ਕਾਹਲੀ ਨਾਲ) ਸੁੰਦਰਾ ਕੀ ਹਾਲ ਹੈ ਤੇਰਾ ?

ਬਾਬਾ–(ਹੌਲੀ ਜਹੀ) ਜੀਊ ਰਿਹਾਂ, ਮੋਹਣਿਆਂ ।

ਦੁਰਗੀ–ਦੀਪਾਂ ਦੀਵਾਨ ਨੂੰ ਵੇਖਣ ਜਾਂਈ ਰੋਂਦੀ ਸੀ ਪਈ, ਪੁਛਿਆ ਤੇ ਆਖਣ ਲਗੀ ਬਾਬੇ ਦਾ ਚਿਤ ਬਹੁਤ ਢਿਲਾ ਹੈ ... ... ... ...

ਬਾਬਾ–ਮੇਰੀ ਨਿੱਕੀ ਜਹੀ ਬੱਚੀ ... ... ... ...

ਦੁਰਗੀ–ਆਖਣ ਲਗੀ ਬਾਬਾ ਆਖਦੈ, ਅਜ ਮੈਂ ਮਰ ਜਾਣੈ ... ... ... ...

ਮੋਹਣ–ਓਏ ਸੁੰਦਰਾ, ਜੁਆਨ ਹੌਂਸਲਾ ਕਰ, ਤੂੰ ਤੇ ਐਂਵੇ ਚਿਤ ਈ ਛਡ ਦਿਤੈ ।

[ਬਾਬਾ ਖੰਘਦਾ ਹੈ]

ਦੁਰਗੀ–ਖੰਘ ਦਾ ਅਰਮਾਣ ਨਹੀਂ ਆਇਆ ?

ਬਾਬਾ–ਅਰਮਾਣ ... ... ਆ ਜਾਂਦਾ ... ... ਤਾਂ ਮੈਂ ਉਠ ਬੈਠਦਾ, ਪਰ ਖੰਘ ਦੇ ਨਾਲ ਹੀ ... ... ਵੱਖੀਆਂ ... ... ਚੜ੍ਹ ... ... ਜਾਂਦੀਆਂ ਨੇ ਤੇ ਬੜਾ ... ... ਔਖਾ ਕਰਦੀਆਂ ਨੇ ।

ਮੋਹਣ–ਪਰ ਦੀਪਾਂ ਨਾਲ ਤਾਂ ਇਹੋ ਜਹੀਆਂ ਗਲਾਂ ਨਾ ਕਰਿਆ ਕਰ । ਤੂੰ ਤੇ ਅਸਲੋਂ ਹੀ ਢੇਰੀ ਢਾਹ ਦਿਤੀ ਐ । [ਬਾਬੇ ਦੀ ਮੰਜੀ ਤੇ ਬਹਿ ਜਾਂਦਾ ਹੈ]

Digitized by Panjab Digital Library | www.panjabdigilib.org

ਬਾਬਾ—ਮੋਹਣਿਆਂ, ਅਜ ਮੇਰੇ ਪ੍ਰਾਨ ਪੰਖੇਰੂ ਉਡਾਰੀਆਂ ਮਾਰ ਜਾਣਗੇ। ... ... ... ... [ਹੌਂਕਦਾ ਹੈ]

ਦੁਰਗੀ—ਸੁਖ ਸੁਖ ਬੋਲ ਭਾਈਆ... ... [ਹੇਠਾਂ ਫਰਸ਼ ਤੇ ਬੈਠ ਜਾਂਦੀ ਹੈ]

ਬਾਬਾ—ਦੁਰਗੀਏ, ਦੀਪਾਂ ... ਦੀ ਮਾਂ ਪਿਛੋਂ ... ਤੁਸਾਂ ਦੀਪਾਂ ਦੀ ਬੜੀ ਸੇਵਾ ਕੀਤੀ ਐ, ਮੈਂ ਤੁਹਾਡਾ ਦਿਤਾ ... ਨਹੀਂ ਦੇ ਸਕਾਂਗਾ ... ... ...

ਮੋਹਣ—ਕੀ ਨਕੰਮੀਆਂ ਗਲਾਂ ਲੈ ਬੈਠੋਂ ਸੁੰਦਰਾ, ਦੀਪਾਂ ਜਿਹੋ ਜਹੀ ਤੇਰੀ ਧੀ, ਤਿਹੋ ਜਹੀ ਸਾਡੀ ਧੀ, ਕੋਈ ਫਰਕ ਐ।

ਦੁਰਗੀ—ਮੈਂ ਤਾਂ, ਭਾਈਆ, ਸਚ ਜਾਣੀਂ, ਦੀਪਾਂ ਨੂੰ ਗੁਬਿੰਦੇ ਨਾਲੋਂ ਵੀ ਉਤੇ ਕਰਕੇ ਰੱਖਿਐ।

ਬਾਬਾ—ਮੈਨੂੰ ... ... ਪਤਾ ਹੈ ਦੁਰਗੀਏ, ਤੂੰ ਨਾ ਇਸ ਨਾਲ ਮੋਹ ਕਰਦੀਉਂ... ਤਾਂ ਇਹ ਹੁਣ ਤਕ ... ... ਅਪਣੀ ਮਾਂ ਕੋਲ ਹੁੰਦੀ।

ਮੋਹਣ—ਗੁਬਿੰਦਾ ਤੇ ਦੁਰਗੀ ਕਠੇ ਖੇਡਦੇ ਰਹੇ, ਕਠੇ ਪਲਦੇ ਰਹੇ ... ...

ਦੁਰਗੀ—ਹੁਣ ਤੇ ਗੋਬਿੰਦਾ ਸੁਖ ਨਾਲ ਦੀਪਾਂ ਦੇ ਸਾਹੀਂ ਜੀਊਂਦਾ ਹੈ।

ਮੋਹਣ—ਸੁੰਦਰਾ, ਮੇਰੇ ਆਖੇ ਲਗੇਂ ਤੇ ਦੀਪਾਂ ਤੇ ਗੁਬਿੰਦੇ ਦਾ ਵਿਆਹ ਕਰ ਛਡੀਏ।

ਦੁਰਗੀ—ਗੁਬਿੰਦਾ ਤੇ ਖੁਸ਼ ਹੋ ਜਾਊ ... ... ...

ਬਾਬਾ—ਪਰ ... ਮੋਹਣਿਆਂ, ਦੀਪਾਂ ਅੰਨ੍ਹੀ ਹੈ, ... ... ਗੁਬਿੰਦਾ ਇਸ ਦੀ ਸਾਰੀ ਉਮਰ ਦੀ ਝਾਲ ਝਲ ਲਏਗਾ। ... ... [ਖੰਘਦਾ ਹੈ] ਪੀੜ ... ... ਹਾਏ ... ਮੈਂ ਗਿਆ ਜੇ ... ... ...

ਮੋਹਣ—ਸੁਖ ਸੁਖ ਬੋਲ।

ਬਾਬਾ—ਮੋਹਣਿਆਂ, ਹੁਣ ... ਤਾਂ ... ਇਹ ... ਪੀੜ ਨਹੀਂ ... ਜਰੀ ... ਜਾਂਦੀ।

ਮੋਹਣ—ਜੇਰਾ ਕਰ, ਇਹੋ ਜਹੀਆਂ ਤਕਲੀਫਾਂ ਆਉਂਦੀਆਂ ਨੇਂ।

Digitized by Panjab Digital Library | www.panjabdigilib.org

ਦੁਰਗੀ—ਆਖਰ ਸੱਟਾਂ ਬੰਦਿਆਂ ਨੂੰ ਹੀ ਲਗਦੀਆਂ ਨੇਂ ।

ਬਾਬਾ—ਹੁਣ ਉਮਰ......ਕਿਹੜੀ ਹੈ ਇਹਨਾਂ ਨੂੰ ਸਹਿ ਲੈਣ ਦੀ ।

ਮੋਹਣ—ਕਿਹੜਾ ਤੂੰ ਸੁੰਦਰਾ ਬੁਢਾ ਹੋ ਗਿਐਂ । ਮੇਰੇ ਨਾਲੋਂ ਐਵੇਂ ਪੰਜ ਚਾਰ ਵਰ੍ਹੇ ਹੀ ਵੱਡਾ ਹੈਂ ਨਾਂ,ਮੇਰੀ ਉਮਰ ਇਸ ਵੇਲੇ ਪੰਜਾਹ ਸਾਲ ਦੀ ਹੈ ।

ਬਾਬਾ—ਮੋਹਣਿਆਂ, ਮੇਰੀ ਉਮਰ......ਤੇ ਆਵੇਂਗਾ, ਫਿਰ ਜਾਣੀਂ......ਮੈਨੂੰ...... ਜਗ ਤੇ...ਚਾਰ......ਦਿਹਾੜੇ ਕਟਣ...ਲਈ...ਵੀਰਾ, ਡਾਹਡੇ ਜਫਰ... ਜਾਲਣੇ ਪਏ ਨੇ........

ਦੁਰਗੀ—ਪਰ, ਭਾਈਆ, ਗੁਬਿੰਦ ਤੇ ਦੀਪਾਂ ਦੀ ਗਲ ਵਿਚੇ ਹੀ ਰਹਿ ਗਈ ।

ਬਾਬਾ—ਦੁਰਗੀਏ । (ਖੰਘਦਾ ਹੈ) ਦੀਪਾਂ ਦੇ ਨੈਣਾਂ ਦੀ ਜੋਤ ਹੈ ਨਹੀਂ........ ਗੁਬਿੰਦਾ ਜਵਾਨ ਹੈ, ਉਹ ਕਦ...........ਦੀਪਾਂ ਨਾਲ......ਸੰਤੁਸ਼ਟ ਹੋਵੇਗਾ ।

ਮੋਹਣ—ਸੁੰਦਰ, ਪਰ ਅਸੀਂ ਜੁ ਹਾਂ ਉਸਨੂੰ ਸੰਤੁਸ਼ਟ ਰਖਣ ਵਾਲੇ ।

ਦੁਰਗੀ—ਐਸ ਵੇਲੇ ਤੇ ਗੁਬਿੰਦਾ, ਦੀਪਾਂ ਦੇ ਸਾਹੀਂ ਸਾਹ ਲੈਂਦਾ ਹੈ ।

ਬਾਬਾ—ਹਾਲੀ ਉਸਦੀਆਂ.........ਨਾੜਾਂ......ਵਿਚ.....ਲਹੂ ਗਰਮ ਹੈ........ਪਰ ਮੋਹਣਿਆਂ, ......ਜਦ......ਇਹ...ਲਹੂ...ਠੰਢਾ......ਪੈ......ਜਾਵੇਗਾ, ਫਿਰ .........ਦੀਪਾਂ......ਪੈਰਾਂ ਵਿਚ......ਬੇੜੀਆਂ ਬਣ ਜਾਏਗੀ.........[ਖੰਘਦਾ ਤੇ ਛਾਤੀ ਤੇ ਹਥ ਰਖਦਾ ਹੈ]

ਮੋਹਣ—ਇਹ ਐਵੇਂ ਤੇਰਾ ਵਹਿਮ ਹੈ, ਸੁੰਦਰਾ ।

ਬਾਬਾ—ਵਹਿਮ ਨਹੀਂ.........ਮੋਹਣਿਆਂ, ਜਵਾਨੀ ਵਿਚ......ਆਦਮੀ......ਉਡਣ ਖਟੋਲੇ......ਤੇ ਆਪ......ਆਪਣੇ ਨੂੰ ਸਵਾਰ.........ਸਮਝਦੇ, ਪਰ ਜਦ ......... ਜ਼ਰਾ ਕੁ......ਨਾੜਾਂ ਢਿਲੀਆਂ ਪੈਂਦੀਆਂ ਨੇਂ, ਤਾਂ

Digitized by Panjab Digital Library | www.panjabdigilib.org

ਸੁਗੰਧੀ ਦੇਣ ਵਾਲੇ........ਫੁਲ ਕੰਡਿਆਲੇ ਬਣ......ਜਾਂਦੇ ਨੇਂ । ਜਦ ਗੁਬਿੰਦੇ ਨਾਲ ਇਹ...ਗਲ...ਹੋਵੇਗੀ......ਤਾਂ ਮੇਰੀ........ਦੀਪਾਂ......... [ਹੌਂਕਦਾ ਹੈ ਤੇ ਚੁਪ ਕਰ ਜਾਂਦਾ ਹੈ, ਕੁਝ ਸਮੇਂ ਲਈ ਨਿਸਤਬਧਤਾ ਹੋ ਜਾਂਦੀ ਹੈ, ਫਿਰ ਬੋਲਦਾ ਹੈ]......ਤਾਂ...ਮੋਹਣਿਆਂ ਮੇਰੀ ਦੀਪਾਂ...ਸੰਸਾਰ ਸਾਗਰ ਵਿਚ ਉਸ ਬੇੜੀ ...ਦੀ ਨਿਆਂਈਂ ਹੋਵੇਗੀ... ਜਿਸਦਾ ਮੁਹਾਣੂ ਕੋਈ ਨਹੀਂ ਹੁੰਦਾ ।...........ਦੀਪਾਂ ਹਾਲੀ ਤੀਕ ਨਹੀਂ...ਆਈ...ਦੀਵਾਨ ਸਾਹਿਬ ਅਜ ਨਹੀਂ...ਆਉਣਗੇ...ਅਗੇ... ਦੋ...ਹਫਤੇ...ਨਹੀਂ...ਆਏ...ਵੱਡੇ ਆਦਮੀ...ਅਮੀਰਾਂ...ਨੂੰ ਗਰੀਬਾਂ... ਦਾ ਕੀ ਖਿਆਲ ਹੁੰਦੈ...। [ਖੰਘਦਾ ਹੈ]

ਦੁਰਗੀ–ਪਰ, ਭਾਈਆ, ਜੇ ਕਰ ਦੀਪਾਂ ਗੁਬਿੰਦੇ ਦੇ ਲੜ ਲਗਣਾ ਪ੍ਰਵਾਨ ਕਰ ਲਏ, ਤਾਂ । [ਉਸ ਵਲ ਵਖਦੀ ਹੈ]

ਬਾਬਾ–ਦੁਰਗੀਏ, ਮੈਂ...–ਦੀਪਾਂ ਨੂੰ ਸਾਰੀ ਊਚ ਨੀਚ...ਸਮਝਾ ਦਊਂ, ਅਗੋਂ ਉਹ ਜਾਣੇ...ਉਹਦਾ ਕੰਮ...ਹਾਏ...(ਖੰਘਦਾ ਹੈ) ਪਾਣੀ ।

(ਦੁਰਗੀ ਪਾਣੀ ਲਿਆਂਦੀ ਹੈ, ਮੋਹਣ ਬਾਬੇ ਨੂੰ ਆਸਰਾ ਦੇ ਕੇ ਪਾਣੀ ਪਿਲਾਂਦਾ ਹੈ)

ਦੁਰਗੀ–ਪਰ, ਭਾਈਆ, ਇਹ ਤੇ ਨਾਂ ਕਰਨ ਦੀ ਗਲ ਹੋਈ ਨਾਂ ।

ਬਾਬਾ–(ਫਿਰ ਮੰਜੀ ਤੇ ਲੇਟਦਾ ਹੋਇਆ) ਨਾਂਹ ਨਹੀ, ਦੁਰਗੀਏ । ਆਖਰ ਉਮਰ......ਤਾਂ ਦੀਪਾਂ ਨੇ ਕਟਣੀ ਹੈ । ਯਾਰਾਂ......ਨੂੰ ਕੀ...... ਅਜ ਮਰੇ......ਕਲ ਦੂਜਾ ਦਿਨ ।......ਹਾਏ......ਹਾਏ...... ਪੀੜ............

ਮੋਹਣ–ਪਰ, ਸੁੰਦਰਾ, ਤੂੰ ਹਾਲੀ ਹੁਣੇ ਆਖਦਾ ਸੈਂ, ਕਿ ਤੂੰ ਸਾਡਾ ਦਿਤਾ ਨਹੀਂ ਦੇ ਸਕਦਾ, ਫਿਰ ਇਹ ਨਿਕੀ ਜਹੀ ਗਲ ਨਹੀਂ ਮਨਦਾ ।

ਬਾਬਾ–ਇਹ......ਨਿਕੀ ਜਹੀ ਗਲ ਨਹੀਂ......ਮੋਹਣਿਆਂ ।......

Digitized by Panjab Digital Library | www.panjabdigilib.org

ਦੁਰਗੀ–ਹੁਣ ਦੀਵਾਨ ਨੂੰ ਕਿਉਂ ਪਿਆ ਉਡੀਕਦੈਂ ?

ਬਾਬਾ–ਮੈਂ......ਮਰਣ ਤੋਂ......ਪਹਿਲਾਂ......ਦੀਪਾਂ ਦਾ ਹਥ.........
ਦੀਵਾਨ ਸਾਹਿਬ ਦੇ ਹਥ ਵਿਚ......ਫੜਾਉਣਾ ਚਾਹੁਣਾਂ.........

ਮੋਹਣ—ਕੀ ਸਾਡੇ ਤੇ ਇਤਬਾਰ ਨਹੀਂ ਓਂ ? [ਉਸ ਵਲ ਵੇਖਦਾ ਹੈ]

ਬਾਬਾ--ਇਤਬਾਰ ਕਿਉਂ ਨਹੀਂ.........

ਦੁਰਗੀ--ਫਿਰ ?

ਬਾਬਾ--ਦੀਵਾਨ ਸਾਹਿਬ......ਬੜੇ......ਭਲੇ ਪੁਰਸ਼ ਹੈਣ......ਤੇ ਮੈਂ...

ਮੋਹਣ–(ਗੁਸੇ ਨਾਲ, ਗਲ ਟੁਕ ਕੇ) ਤੇ ਅਸੀਂ ਬੁਰੇ ਆਂ ? ਕਿਉਂ ?

ਬਾਬਾ–ਰਿੰਜ ਨਾ ਹੋ...........ਵੀਰ...........(ਖੰਘਦਾ ਹੈ)

ਦੁਰਗੀ–ਸਾਡੀ ਭਲਿਆਈ ਦਾ ਸਾਨੂੰ ਇਹੋ ਹੀ ਭਦਕਰਾ ਮਿਲਣਾ ਸੀ ?

ਮੋਹਣ–ਹੁਣ ਅੰਤ ਦੇ ਵੇਲੇ ਤੈਨੂੰ ਸਾਡੇ ਤੇ ਬੇ-ਪ੍ਰਤੀਤੀ ਹੋ ਗਈ।

ਬਾਬਾ–ਆਪਣੀਆਂ ਨਾ......ਮਾਰੀ ਜਾਉ...... ਮੇਰੀ ਵੀ ਸੁਣੋਂ......

ਦੁਰਗੀ–ਚਲੋ ਚਲੀਏ, ਗੁਬਿੰਦੇ ਦਾ ਬਾਪੂ।

ਬਾਬਾ–ਰਿੰਜ ਨਾ......ਹੋਵੇ......

ਮੋਹਣ–ਤੂੰ ਖੁਸ਼ ਰਖਣ ਵਾਲੀ ਗੱਲ ਈ ਕੋਈ ਨਹੀਂ ਕੀਤੀ ਸੁੰਦਰਾ !

ਬਾਬਾ--ਮੋਹਣਿਆਂ ਸਾਰੀ ਉਮਰ......ਭਰਾਵਾਂ ਭਰਾਵਾਂ......ਵਾਂਗ ਰਹੇ
......ਤੇ......ਤੇ......ਅੰਤ ਦੀ ਵੇਰ......ਮੇਰੇ ਨਾਲ ਗੁਸੇ
ਹੋ ਜਾਉਗੇ।

ਮੋਹਣ--ਸੁੰਦਰਾ, ਚੰਗਾ ਭਰਪੱਣ ਨਿਭਾਇਆ ਈ।

ਬਾਬਾ–ਮੋਹਣਿਆ ਦੀਵਾਨ......ਸਾਹਿਬ ਪੈਸੇ ਵਾਲੇ ਨੇਂ,......ਉਹਨਾਂ
ਨੂੰ ਆਖਾਂਗਾ......ਕਿ ਦੀਪਾਂ ਦੀਆਂ......ਅਖਾਂ ਦਾ ਇਲਾਜ ਜੇ

Digitized by Panjab Digital Library | www.panjabdigilib.org

ਕਰ ਹੋ ਸਕੇ......ਤਾਂ......ਕਰਵਾ......ਦੇਣ ।

ਦੁਰਗੀ--ਭਾਈਆ ਤੈਨੂੰ ਤਾਂ ਪੈਸੇ ਦਾ ਮੋਹ ਜਾਪਦੈ ।

ਬਾਬਾ—ਨਹੀਂ, ਦੁਰਗੀਏ, ਪੈਸੇ......ਦਾ......ਮੋਹ......ਨਹੀਂ । ਦੀਪਾਂ ਦੀਆਂ ਅਖਾਂ ਠੀਕ ਹੋ ਜਾਂਣ......ਫਿਰ ਉਹ ਜਿਥੇ ਮਰਜ਼ੀ ਸੂ ......ਵਿਆਹ ਕਰਵਾ......ਲਏ । ਮੈਂ......ਕੋਈ ਵੇਖਣ ਥੋੜਾ ......ਆਉਣੈ ।......ਹਾਏ......ਪਾਣੀ......

[ਦੁਰਗੀ ਪਾਣੀ ਲਿਆ ਕੇ ਦੇਂਦੀ ਹੈ ਤੇ ਮੋਹਣ ਉਸ ਨੂੰ ਪਾਣੀ ਪਿਲਾਂਦਾ ਹੈ]

ਦੁਰਗੀ--ਜਦ ਦੀਪਾਂ ਦੀਆਂ ਅਖਾਂ ਠੀਕ ਹੋ ਜਾਣਗੀਆਂ ਤੇ ਉਹ ਗੁਬਿੰਦੇ ਨੂੰ ਵੇਖ ਕੇ ਆਪੇ ਉਸ ਨਾਲ ਵਿਆਹ ਕਰਵਾਉਣ ਨੂੰ ਤਿਆਰ ਹੋ ਜਾਵੇਗੀ । [ਖੁਸ਼ ਹੋ ਜਾਂਦੀ ਹੈ]

ਮੋਹਣ—(ਉਸ ਵਲ ਕਹਿਰੀ ਅਖ ਨਾਲ ਵੇਖਦੇ ਹੋਏ) ਮੰਨ ਜਾਏਗੀ ਨਾਂ ਮੰਨ ਜਾਏਗੀ । ਗੁਬਿੰਦੇ ਦੀਆਂ ਤੂੰ ਤਾਂ ਐਵੇਂ ਬੇਥਹਵੀਆਂ ਮਾਰੀ ਜਾਂਦੀ ਹੈਂ ।

ਦੁਰਗੀ—ਕਿਉਂ ?

ਮੋਹਣ—ਅਖਾਂ ਠੀਕ ਹੋਣ ਤੇ ਉਸਨੂੰ ਦੀਵਾਨ ਦੀ ਦੌਲਤ ਨਜ਼ਰ ਆ ਜਾਵੇਗੀ । ਚਾਰ ਦਿਨ ਦੀਵਾਨ ਕੋਲ ਰਹਿ ਕੇ ਦੀਪਾਂ ਦੀਆਂ ਅਖਾਂ ਹੀ ਹੋਰ ਹੋ ਜਾਣਗੀਆਂ । ਫਿਰ ਇਹ ਕਬੂਤਰੀ ਗੁਬਿੰਦੇ ਦੇ ਚੋਗੇ ਦੇ ਨਹੀਂ ਰੀਝਣ ਲੱਗੀ ।

ਦੁਰਗੀ—ਕਿਉਂ, ਗੁਬਿੰਦੇ ਵਿਚ ਕੀ ਨੁਕਸ ਹੈ । ਮੇਰਾ ਗੁਬਿੰਦਾ ਕੜੀ ਜਿਡਾ ਜਵਾਨ ਤੇ ਲੋਹੇ ਦੀ ਲੱਠ ਵਰਗਾ ਪੀਡਾ ਹੈ, ਫਿਰ ਬੇੜੀ ਚਲਾ ਜਾਣਦੈ, ਮਛੀਆਂ ਫੜ ਕੇ ਮੰਡੀ ਵੇਚ ਆਉਂਦੈ ।

[ਬਾਬਾ ਇਹਨਾਂ ਦੀ ਗਲ ਚੁਪ ਕਰਕੇ ਸੁਣਦਾ ਰਹਿੰਦਾ ਹੈ]

Digitized by Panjab Digital Library | www.panjabdigilib.org

ਮੋਹਣ—ਕਮਲੀਏ, ਤੂੰ ਅਖੀਰ ਤਕ ਝੱਲ ਵਲੱਲੀ ਹੀ ਰਹੀਓਂ। ਫਿਰ ਦੀਵਾਨ ਦੀਆਂ ਸੋਨੇ ਦੀਆਂ ਮਛੀਆਂ ਦੀ ਚਮਕ ਵਧੇਰੇ ਹੋਵੇਗੀ ਤੇ ਦੀਪਾਂ ਦੀਆਂ ਨਵੀਆਂ ਮਿਲੀਆਂ ਅਖਾਂ ਨੂੰ ਇਹ ਚਮਕ ਵਧੇਰੇ ਲੁਭਾਏਗੀ। ਇਹ ਚਮਕ ਦੀਪਾਂ ਨੂੰ ਸਾਥੋਂ ਨਖੇੜ ਕੇ ਹੋਰ ਪਾਸੇ ਲੈ ਜਾਏਗੀ।

ਬਾਬਾ—ਮੋਹਣਿਆਂ, ਕਹੀਆਂ......ਊਲ ਜਲੂਲ......ਗਲਾਂ ਪਿਆ ਕਰਦੈਂ। ਦੀਵਾਨ ਅਤਿ ਭਲ ਮਨਸਊ ਤੇ ਪਰ ਉਪਕਾਰੀ ਜੀਊੜਾ ਜਾਪਦੈ।

ਮੋਹਣ—ਸੁੰਦਰਾ, ਸਭਨਾਂ ਨੂੰ ਆਪਣੇ ਜਿਹਾ ਨਾ ਸਮਝ। ਤੂੰ ਸਰਮਾਏਦਾਰੀ ਦੇ ਹਥ ਕੰਡੇ ਨਹੀਂ ਜਾਣਦਾ। ਨਾਂਵਾਂ ਬੜੇ ਵਲ ਛਲ ਸਿਖਾ ਦੇਂਦਾ ਹੈ।

ਬਾਬਾ— ਤਾਂ ਤੂੰ ਕੀ ਆਖਦੈਂ, (ਕ੍ਰੋਧ ਵਿਚ) ਕਿ ਦੀਵਾਨ ......ਏਨਾਂ... ... ਨੀਚ ਨਿਕਲੇਗਾ, ਕਿ..............[ਹਫ ਜਾਂਦਾ ਹੈ]

ਮੋਹਣ—ਸੁੰਦਰਾ ! ਜਵਾਨੀ ਸਭ ਨੂੰ ਮੋਹ ਲੈਂਦੀ ਹੈ। ਦੀਪਾਂ ਮੇਰੇ ਲਈ, ਮੇਰੀ ਧੀ ਹੈ, ਪਰ ......... (ਕੁਝ ਠਹਿਰ ਕੇ) ਦੀਵਾਨ ਆਪ ਤੇ ਨੀਚ ਨਹੀਂ ਹੋਵੇਗਾ, ਪਰ ਉਸਦਾ ਪੁਤਰ, ਹੋਰ ਅੰਗ ਸਾਕ ......... ।

ਬਾਬਾ—ਮੇਰੀ ... ਅੰਨ੍ਹੀ ... ਬਚੀ ... ਲਈ ਕਿਉਂ ਬੋਲ ... ਕਬੋਲ ... ਪਿਆ ਬੋਲਨੈਂ, ਕਿਉਂ ...... ਕੁਫ਼ਰ ਤੋਲਨੈਂ। (ਖੰਘਦਾ ਹੈ)

ਮੋਹਣ—ਪ੍ਰਭੂ ਕਰੇ, ਸੁੰਦਰਾ, ਤੇਰੀ ਉਮਰ ਵਡੀ ਹੋਵੇ, ਤੂੰ ਸਾਰੀਆਂ ਗਲਾਂ ਆਪਣੀ ਅਖੀਂ ਵੇਖੇਂਗਾ। ਹੁਣ ਤੂੰ ਮੇਰੀਆਂ ਗਲਾਂ ਚਿਥਣ ਤੋਂ ਇਨਕਾਰ ਕਰਨੈਂ, ਪਰ ਇਕ ਵੇਲਾ ਆਵੇਗਾ, ਜਦ ਤੈਨੂੰ ਇਹ ਗਲਾਂ ਅੰਦਰ ਲੰਘਾਣੀਆਂ ਪੈਣਗੀਆਂ।

ਸੁੰਦਰ—ਪਰ...... ਮੋਹਣਿਆਂ ...... ਤੂੰ ...... ਦੀਵਾਨ...... ਸਾਹਿਬ ਨੂੰ......ਉਕਾ ਨਹੀਂ......ਸਮਝਦਾ......

ਦੁਰਗੀ--ਨਾਂ ਹੀ ਸਾਨੂੰ ਉਸਦੀ ਸਮਝਣ ਦੀ ਲੋੜ ਹੈ।

Digitized by Panjab Digital Library | www.panjabdigilib.org

ਸੁੰਦਰ--ਉਹ......ਜਦ......ਆਉਂਦੇ ਨੇ,......ਦੀਪਾਂ ਕੋਲੋਂ......ਗੀਤ ......ਸੁਣਦੇ......ਨੇਂ......ਤੇ......ਉਸ ਨੂੰ ਦਸ ਰੁਪੈ, ਵੀਹ... ਰੁਪੈ......ਦੇ ਕੇ......ਚਲੇ......ਜਾਂਦੇ......ਨੇਂ। ਨਾਂ ਸਾਥੋਂ ਕੁਝ ਲੈਂਦੇ ਨੇਂ, ਹਾਂ ਅਸੀਂ ਦੋ ਘੜੀਆਂ......ਇਕ......ਦੂਜੇ...... ਨਾਲ......ਮਿੱਠਾ......ਬੋਲ......ਲੈਂਦੇ ਹਾਂ।

ਦੁਰਗੀ--ਭਾਈਆ, ਉਹ ਤੁਹਾਡਾ ਕੋਈ ਅੰਗ ਸਾਕ ਨਹੀਂ, ਫਿਰ ਤੁਹਾਡੇ ਕੋਲ ਕਿਉਂ ਆਵੇ ?

ਸੁੰਦਰ--ਜ਼ਰੂਰ......ਅੰਗ......ਸਾਕ......ਹੀ ਇਕ ਦੂਜੇ ਕੋਲ ਨਹੀਂ ......ਆਉਂਦੇ, ਦੁਰਗੀਏ। ਅਖੇ......ਮਿਲਦਿਆਂ ਦੇ...... ਸਾਕ ਤੇ......ਵਗਦਿਆਂ......ਦੇ......ਖੂਹ।

ਮੋਹਣ--(ਨਫਰਤ ਵਿਚ ਸਿਰ ਹਿਲਾਂਦਾ ਹੋਇਆ) ਊਂਹ।

ਸੁੰਦਰ--ਅੰਗਾਂ ਸਾਕਾਂ ਨੂੰ ਨਾਂ......ਮਿਲੀਏ......ਤਾਂ......ਸਾਕਦਾਰੀ ......ਖੱਤਮ ਹੋ ਜਾਂਦੀ ਹੈ, ਜੇ......ਮਿਲਦੇ......ਰਹੀਏ...... ਤਾਂ ਬਗਾਨੇ ਵੀ ਆਪਣੇ ਬਣ ਜਾਂਦੇ ਨੇਂ। ਦੀਵਾਨ......ਸਾਹਿਬ ......ਏਸ......ਪਾਸੇ......ਸ਼ਿਕਾਰ ਖੇਡਣ......ਆਉਂਦੇ...... ਨੇਂ, ਬਸ......ਸਾਨੂੰ ਮਿਲ......ਕੇ......ਜਾਣ ਕਾਰੀ......ਵਧ ਗਈ......[ਖੰਘਦਾ ਹੈ]

ਮੋਹਣ--ਬਸ ਇਹ ਜਾਣਕਾਰੀ ਤੁਹਾਡਾ ਸ਼ਿਕਾਰ ਕਰ ਲਏਗੀ। ਸੁੰਦਰਾ ਤੂੰ ਤੇ ਦੀਪਾਂ ਅਗ ਨਾਲ ਖੇਡ ਰਹੇ ਹੋ, ਇਹ ਖੇਡ ਤੁਹਾਨੂੰ ਕਿਸੇ ਦਿਨ ਸਾੜ ਕੇ ਸੁਆਹ ਕਰ ਦੇਵੇਗੀ......

ਸੁੰਦਰ--(ਸੋਚ ਵਿਚ)ਹੋਂ......(ਛਾਤੀ ਘੁੱਟਦਾ ਹੋਇਆ)......ਹਾਏ......

ਮੋਹਣ--ਤੂੰ ਇਹ ਕਦੇ ਨਹੀਂ ਸੋਚਿਆ, ਕਿ ਦੀਵਾਨ ਤੁਹਾਨੂੰ ਕਿਉਂ ਰੁਪੈ ਦੇ ਜਾਂਦਾ ਹੈ। ਅਮੀਰ ਤੇ ਸਰਮਾਏਦਾਰ ਕਦੇ ਕੋਈ ਪੈਸਾ ਬਿਨਾਂ ਮਤਲਬ ਦੇ ਨਹੀਂ ਖਰਚ ਕਰਦੇ।

Digitized by Panjab Digital Library | www.panjabdigilib.org

ਸੁੰਦਰ—ਮੋਹਣਿਆਂ......ਕੀ ਤੂੰ ਮੈਨੂੰ......ਮੂਰਖ......ਜਾਤਾ......ਹੈ।

ਮੋਹਣ—ਤੂੰ ਮੂਰਖ ਨਹੀਂ, ਤੂੰ ਭੋਲਾ ਹੈਂ, ਸਾਰੀ ਦੁਨੀਆਂ ਨੂੰ ਆਪਣੇ ਵਰਗਾ ਸਮਝਦਾ ਹੈਂ। ਪਰ ਦੁਨੀਆਂ ਵਿਚ ਪਗ ਪਗ ਤੇ ਲੁਟੇਰੇ ਨੇਂ, ਥਾਂ ਥਾਂ ਤੇ ਡਾਕੂ ਨੇਂ। ਮਿਠਾ ਬਣਕੇ ਆਪਣਾਂ ਕੰਮ ਕਢਣਾ, ਮੋਮੋ ਠਗਣੀਆਂ ਗਲਾਂ ਕਰਕੇ ਦੂਜੇ ਨੂੰ ਮੋਹ ਲੈਣਾ ਤੇ ਫਿਰ ਡੰਗ ਮਾਰਨਾ, ਡੰਗ ਵੀ ਇਹੋ ਜਿਹਾ ਮਾਰਨਾ ਜੋ ਝਪਦੇ ਹੀ ਜਾਨ ਕੱਢ ਲਵੇ ਤੇ ਪਾਣੀ ਮੰਗਣ ਦੀ ਵੀ ਮੁਹਲਤ ਨਾਂ ਦੇਵੇ, ਇਹ ਕੁਝ ਦੁਨੀਆਂ ਦਾ ਦਸਤੂਰ ਹੈ।

ਸੁੰਦਰ—(ਸੋਚ ਵਿਚ) ਹੋਂ...........

ਮੋਹਣ—ਤੇਰੇ ਘਰ ਨੂੰ ਚੋਰ ਮੂਸਣ ਲਗੇ ਹੋਏ ਨੇਂ, ਪਰ ਤੂੰ ਅਣਜਾਣ ਹੈਂ, ਤੈਨੂੰ ਹੋਸ਼ ਓਦੋਂ ਆਵੇਗੀ, ਜਦ ਤੇਰਾ ਘਰ ਤੇਰੇ ਉਤੇ ਆ ਡਿਗੇਗਾ।

ਸੁੰਦਰ—ਹਾਏ ਪਾਣੀ...... [ਦੁਰਗੀ ਪਾਣੀ ਫੜਾਂਦੀ ਹੈ ਤੇ ਮੋਹਨ ਉਹ ਨੂੰ ਪਿਲਾਂਦਾ ਹੈ]

ਦੁਰਗੀ—ਭਾਈਆ ਦੀਵਾਨ ਚੰਗਾ ਆਦਮੀ ਪ੍ਰਤੀਤ ਨਹੀਂ ਹੁੰਦਾ।

ਸੁੰਦਰ—ਨਹੀਂ......ਮੈਂ ਤੁਹਾਡੀ ...ਗਲ ਨਹੀਂ ਮੰਨਦਾ। ਦੀਵਾਨ ਸਾਹਿਬ ......ਬੜੇ ਨੇਕ ਆਦਮੀ ...... ਨੇਂ। ਵੱਡੇ ਆਦਮੀਆਂ ...... ਦੇ ਜਿਗਰੇ ...... ਵੀ ......ਵੱਡੇ ਹੁੰਦੇ ਨੇਂ। ਮੋਹਣਿਆਂ...... ਤੂੰ...... ਨਿਰਮੂਲ ...... ਵਹਿਮ ਕਰੀ ...... ਜਾਨੈਂ। ਮੈਂ.... ਭੋਲਾ ...... ਹੋਵਾਂਗਾ, ਪਰ ਮਾਂਹ ...... ਭੋਲਾ ...... ਨਹੀਂ। (ਮੁਸਕਾਣ ਦਾ ਜਤਨ ਕਰਦਾ ਹੈ) ਇਹ ...... ਵਾਲ ......... (ਸਿਰ ਦੇ ਤੇ ਦਾਹੜੀ ਦੇ ਵਾਲਾਂ ਵਲ ਇਸ਼ਾਰਾ ਕਰਦੇ ਹੋਏ) ਮੈਂ.... ਧੁ ... ... ਧੁਪ ... ... ਵਿਚ ...... ਚਿਟੇ ... ਨਹੀਂ ... ਕੀਤੇ......

ਦੁਰਗੀ—(ਤਰਲਾਹਟ ਵਿਚ) ਭਾਈਆ, ਦੀਪਾਂ ਸਾਨੂੰ ਦੇ ਦੇ ਗੁਬਿੰਦੇ ਲਈ। ਅਸੀਂ ਉਸਨੂੰ ਖ਼ੁਸ਼ ਤੇ ਰਾਜ਼ੀ ਰਖਾਂਗੇ।

Digitized by Panjab Digital Library | www.panjabdigilib.org

ਮੋਹਣ—ਦੀਪਾਂ ਤੇ ਗੁਬਿੰਦਾ ਆਪਸ ਵਿਚ ਖੁਸ਼ ਰਹਿਣਗੇ। ਬਾਕੀ ਤੂੰ ਕਿਸੇ ਗਲ ਦਾ ਤੌਖਲਾ ਨਾਂ ਕਰ, ਦੀਪਾਂ ਮੈਨੂੰ ਗੁਬਿੰਦੇ ਨਾਲੋਂ ਵੀ ਨੇੜੇ ਹੋਵੇਗੀ। ਅਬਲ ਤਾਂ ਗੁਬਿੰਦਾ ਸਾਡੇ ਆਖੇ ਵਿਚ ਹੈ, ਜੀਕਣ ਅਸੀਂ ਆਖਾਂਗੇ ਓਕਣ ਹੀ ਕਰੇਗਾ।

ਦੁਰਗੀ—ਮੇਰਾ ਮੁੰਡਾ ਤੇ ਅਤਿ ਅੰਸੀਲ ਹੈ, ਫਿਰ ਉਸ ਵਿਚ ਕੋਈ ਚੌੜ ਨਹੀਂ, ਕੋਈ ਐਬ ਨਹੀਂ। ਦਾਰੂ ਨਹੀਂ ਪੀਂਦਾ, ਵਲ, ਫ਼ਰੇਬ ਉਸ ਵਿਚ ਕੋਈ ਨਹੀਂ, ਗਊ ਹੈ ਨਿਰੀ ਗਊ।

ਮੋਹਣ—ਅਸੀਂ ਦੀਪਾਂ ਨੂੰ ਕੋਈ ਔਖ ਨਾਂ ਹੋਣ ਦਿਆਂਗੇ। ਸੁੰਦਰਾ ਦੋਹਾਂ ਦਾ ਇਕ ਦੂਜੇ ਵਿਚ ਦਿਲ ਲਗਾ ਹੋਇਆ ਹੈ, ਆ ਦੋਹਾਂ ਨੂੰ ਇਕ ਹੋ ਜਾਣ ਦੇਈਏ। [ਸੁੰਦਰ ਪੀੜ ਵਿਚ ਕਰਾਂਹਦਾ ਹੈ]

ਦੁਰਗੀ—ਦੋਵੇਂ ਇਕ ਦੂਜੇ ਵਿਚ ਪਰਚੇ ਹੋਏ ਨੇ, ਪਰਚੇ ਰਹਿਣ।

ਸੁੰਦਰ—ਜੇ ...... ਕਰ...... ਦੀਪਾਂ ...... ਦਾ ...... ਇਲਾਜ ...... ਦੀਵਾਨ......ਸਾਹਿਬ ...... ਨੇ ......ਕਰਵਾਉਣਾ ...... ਮੰਨ ਲਿਆ ...... ਤਾਂ ਮੈਂ ਉਸਨੂੰ ...... ਆਖਾਂਗਾ...... ਉਹ ਗੁਬਿੰਦੇ ...... ਨਾਲ ...... ਵਿਆਹ ...... ਕਰਵਾ ਲਏ।

ਮੋਹਣ--ਉਹ... ਹਾਲੀ ਤਾਂ ਦੀਪਾਂ ਡੰਗੋਰੀ ਫੜ ਕੇ ਤੇ ਰਾਹ ਟੋਹ ਟੋਹ ਕੇ ਟੁਰਦੀ ਹੈ, ਉਸ ਨੂੰ ਆਪਣੇ ਆਲੇ-ਪੁਦਾਲੇ ਦੀ ਵੀ ਸਾਰ ਨਹੀਂ। ਹਾਲੀ ਇਹ ਉਸ ਹਰਨੀ ਦੀ ਨਿਆਈਂ ਹੈ, ਜਿਸਦਾ ਕੰਮ ਕੱਖ ਕੰਡੇ ਤੇ ਡਿਗਣ ਢਹਿਣ ਦੀ ਪ੍ਰਵਾਹ ਕੀਤੇ ਬਿਨਾਂ ਜੰਗਲ ਵਿਚ ਚੁੰਗਾਂ ਭਰਦੇ ਫਿਰਨਾ ਹੋਵੇ। ਪਰ ਅਖਾਂ ਮਿਲਣ ਤੇ ਬਾਗਾਂ ਦੇ ਮੇਵੇ ਖਾ ਲੈਣ ਪਿਛੋਂ ਇਹ ਹਰਨੀ ਫਿਰ ਜੰਗਲ ਆਉਣਾ ਕਬੂਲੇਗੀ, ਇਸ ਵਿਚ ਮੈਨੂੰ ਸੰਦੇਹ ਵੇ।

ਸੁੰਦਰ—(ਸਿਰ ਹਿਲਾਂਦਾ ਹੋਇਆ) ਜੇ ਕਰ...ਗੋਬਿੰਦੇ ਵਿਚ...ਇਸ ਦਾ ਮੰਨ

Digitized by Panjab Digital Library | www.panjabdigilib.org

...ਪਰਚ ਗਿਆ ਹੈ, ਤਾਂ ਬ੍ਰਹਮਾਂ ਵੀ ਇਸਦਾ ਮੰਨ ਕਿਸੇ ਹੋਰ ਪਾਸੇ ਨਹੀਂ ਲਾ ਸਕਦਾ। ਭਲੇ ਰਜ ਆਚਾਰ ਵਾਲੀ ਤੀਵੀਂ ... ... ਇਕ ਥਾਂ ਦਿਲ ... ... ਲਾ ਕੇ ਸਤੁੰਸ਼ਟ ... ... ਹੋ ...... ਜਾਇਆ ਕਰਦੀ ਹੈ। ਹਾਂ ਉਸਨੂੰ ਰੁਬਿੰਦੇ ... ... ਨਾਲ ... ... ਪਿਆਰ ਹੁਣ ਹੀ ਕੋਈ ਨਾਂ ਹੋਵੇ, ਫਿਰ...... ਇਹ ਵੱਖਰੀ ...ਗਲ ...ਹੈ।

[ਦੀਵਾਨ ਸਾਹਿਬ ਤੇ ਦੀਪਾਂ ਅੰਦਰ ਆਉਂਦੇ ਹਨ। ਦੀਵਾਨ ਸਾਹਿਬ ਜੰਟਲਮੇਨ, ਸੂਟਿਡ ਬੂਟਿਡ ਹਨ, ਉਮਰ ਕੋਈ ੪੫ ਕੁ ਸਾਲ]

ਦੀਵਾਨ–(ਉਸ ਕੋਲ ਆਉਂਦੇ ਹੋਏ) ਬਾਬਾ ਸੁੰਦਰ ਕੀ ਹਾਲ ਹੈ ?

ਬਾਬਾ–(ਉਠਣ ਦੀ ਕੋਸ਼ਸ਼ ਕਰਦੇ ਹੋਏ) ਉਹ ਦੀਵਾਨ ...... ਜੀ ...... ਆਓ ...... ਆਓ ......

[ਮੋਹਣ ਤੇ ਦੁਰਗੀ ਬਾਹਰ ਨਿਕਲ ਜਾਂਦੇ ਹਨ]

ਦੀਵਾਨ–ਲੇਟੇ ਰਹੋ ...... ਬਾਬਾ ........

[ਆ ਕੇ ਮੰਜੀ ਤੇ ਬਹਿ ਜਾਂਦਾ ਹੈ ਤੇ ਬਾਬੇ ਨੂੰ ਫਿਰ ਲਿਟਾ ਦੇਂਦਾ ਹੈ, ਦੀਪਾਂ ਹੇਠਾਂ ਬਹਿ ਜਾਂਦੀ ਹੈ]

ਬਾਬਾ–ਦੀਵਾਨ ਸਾਹਿਬ ...... ਤੁਸੀ ...... ਦੋ ਹਫਤੇ ...... ਆਏ ਨਹੀਂ ............

ਦੀਵਾਨ–(ਹਸਦੇ ਹੋਏ) ਜੋ ਸ਼ਕਾਇਤ, ਬਾਬਾ, ਦੀਪਾਂ ਨੂੰ ਹੈ ਉਹੋ ਹੀ ਤੈਨੂੰ ਹੈ।

ਦੀਪਾਂ–ਹੋਵੇ ਵੀ ਕਿਉਂ ਨਾ। [ਮੁਸਕਾਂਦੀ ਹੈ]

ਬਾਬਾ–ਦੀਵਾਨ ਸਾਹਿਬ,...... ਆਪ ... ਦੇ ··· ਇਥੇ ...ਆਉਣ ਨਾਲ

Digitized by Panjab Digital Library / www.panjabdigilib.org

ਆਪ ... ਨਾਲ ... ਕੁਝ ... ਅਪਣਤ ਬਣ ਗਈ ਹੈ।

ਦੀਵਾਨ–ਬਾਬਾ ਤੂੰ ਕਦ ਦਾ ਬੀਮਾਰ ਹੈਂ ਤੇ ਤੈਨੂੰ ਕੀ ਹੋਇਆ ਹੈ ?

ਬਾਬਾ– ਦੀਵਾਨ ਸਾਹਿਬ ...... ਪਹਿਲਾਂ ਤੁਸੀ ਦਸੋ ਤੁਸੀਂ ਦੋ ......ਹਫਤੇ ... ਕਿਉਂ ਨਹੀਂ ... ਆਏ ? [ਖੰਘਦਾ ਹੈ]

ਦੀਵਾਨ–ਪਹਿਲੇ ਹਫਤੇ ਤਾਂ, ਬਾਬਾ, ਮੈਨੂੰ ਕੰਮ ਹੋਣ ਕਰਕੇ ਸ਼ਹਿਰੋਂ ਬਾਹਰ ਜਾਣਾ ਪੈ ਗਿਆ ......

ਦੀਪਾਂ–(ਗਲ ਟੁਕ ਕੇ) ਪਰ ਦੂਜੇ ਹਫਤੇ ਦੀਵਾਨ ਸਾਹਿਬ।

ਬਾਬਾ–ਵੇਖਿਆ ਜੇ ਦੀਵਾਨ ਸਾਹਿਬ... ਕਿੰਨੀ... ਕਾਹਲੀ ਕੁੜੀ ਹੈ। ... ਇਸਨੂੰ ਤੁਹਾਡੇ... ਨਾਂ ਆਉਣ ... ਦਾ... ਮੇਰੇ... ਨਾਲੋਂ ਵਧੇਰੇ ... ਦੁਖ... ਸੀ।

ਦੀਵਾਨ–(ਮੁਸਕਰਾ ਕੇ) ਦੂਜੇ ਹਫਤੇ ਮੈਂ ਆਉਣ ਲਗਾ ਸਾਂ, ਤਾਂ ਮੀਂਹ ਜ਼ੋਰਾਂ ਦਾ ਆ ਗਿਆ, ਇਹ ਖਿਆਲ ਕਰਕੇ ਕਿ ਮੀਂਹ ਵਿਚ ਸ਼ਿਕਾਰ ਕੋਈ ਮਿਲਣਾ ਨਹੀਂ ਤੇ ਚਿਕੜ ਵਿਚ ਕਾਰ ਵਾਧੂ ਦੀ ਖਰਾਬ ਹੋਵੇਗੀ, ਇਹ ਸੋਚ ਕੇ ਮੈਂ ਨਾਂ ਆਇਆ।

ਦੀਪਾਂ– ਪਰ, ਤੁਸੀਂ ਕੋਈ ਸੁਨੇਹਾ ਹੀ ਭੇਜ ਦੇਂਦੇ। ਸਾਨੂੰ ਕਿਉਂ ਫਿਕਰ ਵਿਚ ਰੱਖਿਆ।

ਦੀਵਾਨ–ਹਾਂ, ਮੇਰੀ ਭੁਲ ਸੀ ਦੀਪਾਂ। ਇਸ ਭੁਲ ਲਈ ਮੈਂ ਤੈਥੋਂ ਖਿਮਾ ਮੰਗ ਲੈਣਾਂ, ਕਿਉਂ ਹੁਣ ਤੇ ਮੇਰੇ ਨਾਲ ਗੁਸੇ ਨਹੀਂ ਹੋਵੇਂਗੀ।

(ਦੀਵਾਨ ਹੱਸ ਪੈਂਦਾ ਹੈ, ਬਾਬਾ ਤੇ ਦੀਪਾਂ ਮੁਸਕਾਂਦੇ ਹੈਣ)

ਪਰ, ਬਾਬਾ, ਤੈਨੂੰ ਕੀ ਹੋ ਗਿਆ ?

ਬਾਬਾ–ਦੀਵਾਨ ਸਾਹਿਬ......ਉਸੇ ਦਿਨ ਦੀ ਗਲ ਏ,......ਜਦ...... ਮੀਂਹ ਬੜੇ ਜ਼ੋਰਾਂ......ਦਾ ਹੋਇਆ।(ਦੀਪਾਂ ਨੂੰ) ਪੁਤਰ......ਮੈਨੂੰ

Digitized by Panjab Digital Library | www.panjabdigilib.org

......ਪਾਣੀ ਦਾ ਘੁਟ ਦਈਂ । (ਦੀਪਾਂ ਉਠ ਕੇ ਟੋਹ ਟੋਹ ਕੇ ਪਾਣੀ ਲਿਆ ਦੇਂਦੀ ਹੈ, ਦੀਵਾਨ ਬਾਬੇ ਨੂੰ ਪਾਣੀ ਪਿਆਂਦਾ ਹੈ, ਪਾਣੀ ਪੀ ਕੇ ਬਾਬਾ ਫਿਰ ਲੇਟ ਜਾਂਦਾ ਹੈ ) ਪਾਰਲੇ......ਕੰਢੇ ਤੇ......ਇਕ ਰਾਹੀ......ਮੈਨੂੰ ਬੇੜੀ ਲਿਆਉਣ......ਲਈ ਵਾਜਾਂ...... ਮਾਰਨ ਲਗਾ......ਉਸ ਤੇ ਤਰਸ ਖਾ ਕੇ......ਮੈਂ ਬੇੜੀ ਉਧਰ ਲੈ ਚਲਿਆ......

ਦੀਪਾਂ–ਪਰ ਮੈਂ ਤੈਨੂੰ ਰੋਕਿਆ ਵੀ ਸੀ ।

ਬਾਬਾ–ਹਾਂ, ਦੀਵਾਨ ਸਾਹਿਬ...ਦੀਪਾਂ ਨੇ ਰੋਕਿਆ......ਪਰ ਮੈਨੂੰ ਉਸ ਰਾਹੀ ਤੇ......ਵਧੇਰੇ ਤਰਸ ਜਿਹਾ ਆ ਗਿਆ......ਮੀਂਹ ਤੇ ਹਨੇਰੀ ਤੇ ਝਖੜ ਆਖਰਾਂ ਦੇ ਸੀ......ਮੈਂ ਦੀਪਾਂ ਦੇ ਤੇ ਹੋਰਾਂ ਦੇ ਮੋੜਨ ਤੇ ਵੀ......ਬੇੜੀ ਪਾਣੀ ਵਿਚ ਠੇਲ੍ਹ ਦਿਤੀ......ਝੱਖੜ ਤੇ ਮੀਂਹ ਨਾਲ......ਲੜਦਾ ਘੁਲਦਾ......ਜਦ ਮੈਂ ਮੰਝਦਾਰ ਵਿਚ ਅਪੜਿਆ......ਤਾਂ ਮੇਰੀਆਂ ਬਾਹਵਾਂ ਨੇ......ਬੇੜੀ ਨੂੰ ਅਗੇ ਲਿਜਾਣ ਤੋਂ......ਨਾਂਹ ਕਰ ਦਿਤੀ...ਹੁਣ ਬੇੜੀ......ਲਹਿਰਾਂ ਦੇ ਜਾਂ ਹਨੇਰੀ ਤੇ ਮੀਂਹ...ਤੇ ਤਰਸ ਸੀ । [ਸਾਹ ਲੈਣ ਲਈ ਚੁਪ ਕਰ ਜਾਂਦਾ ਹੈ] ਉਹ ਹੈ......ਪ੍ਰਮਾਤਮਾਂ...[ਇਕ ਛਿਨ ਲਈ ਚੁਪ ਕਰ ਕੇ ਫਿਰ ਬੋਲਦਾ ਹੈ ।] ਦੀਵਾਨ ਜੀ ਮੈਂ ਬੇੜੀ ਅਗੇ ਲਿਜਾਣ...ਦਾ ਸਿਰ ਤੋੜ ਜਤਨ ਕਰਦਾ ਸਾਂ..........ਪਰ ਬੇੜੀ ਪਿਛੇ ਜਾਂਦੀ ਸੀ..........ਬਸ ਇਹਨਾਂ ਜਕੋ ਤੱਕਿਆਂ ਵਿਚ ਬੇੜੀ ਉਲਟ ਗਈ......[ਇਕ ਕੰਬਣੀ ਲੈਂਦਾ ਹੋਇਆ] ਦੀਵਾਨ ਸਾਹਿਬ...... ਮੈਨੂੰ ਉਹ ਵੇਲਾ ਚੇਤੇ ਆਉਂਦਾ ਹੈ......ਤਾਂ......ਲੂੰ ਕੰਡੇ ਖੜੇ ਹੋ ਜਾਂਦੇ ਨੇਂ......

ਦੀਵਾਨ–ਕੋਈ ਗਲ ਨਹੀਂ, ਬਾਬਾ । ਤੂੰ ਰਾਜ਼ੀ ਹੋ ਜਾਏਂਗਾ ।

ਬਾਬਾ–(ਸਿਰ ਹਿਲਾਂਦਾ ਹੋਇਆ) ਨਹੀਂ......ਦੀਵਾਨ ਸਾਹਿਬ......ਹੁਣ

Digitized by Panjab Digital Library | www.panjabdigilib.org

ਮੈਂ ਰਾਜ਼ੀ ਨਹੀਂ ਹੋਣਾਂ......ਮੇਰੀ ਜਾਨ ਅਟਕੀ ਪਈ ਸੀ......ਤੁਹਾਨੂੰ ਮਿਲਣ ਲਈ।

ਦੀਵਾਨ—ਕਿਉਂ, ਕਿਉਂ, ਕੀ ਗਲ ਹੈ, ਬਾਬਾ ਸੁੰਦਰ।

ਬਾਬਾ—ਦੀਵਾਨ ਸਾਹਿਬ,......ਆਪਣੀ ਇਕ ਅਮਾਨਤ ਤੁਹਾਨੂੰ ਸੌਂਪਣਾ ......ਚਾਹੁੰਦਾ ਸਾਂ।

ਦੀਪਾਂ--(ਅਫਸੋਸ ਨਾਲ) ਦੀਵਾਨ ਜੀ, ਮੇਰੇ ਬਾਬਾ ਕਿਹੋ ਜਿਹੀਆਂ ਗਲਾਂ ਕਰ ਰਹੇ ਨੇਂ।

ਦੀਵਾਨ–ਕੋਈ ਗਲ ਨਹੀਂ, ਦੀਪਾਂ। ਜਦ ਤਕਲੀਫ ਵਧੇਰੇ ਹੋਵੇ, ਤਾਂ ਬੀਮਾਰ ਇੰਞ ਹੀ ਗਲਾਂ ਕਰਦਾ ਹੁੰਦਾ ਹੈ।

ਬਾਬਾ--(ਦੀਵਾਨ ਸਾਹਿਬ) ਮੇਰੀ ਜੀਵਨ ਜੋਤ......ਸਹਿਜੇ ਸਹਿਜੇ ਮੁਕ ਰਹੀ ਹੈ।......ਇਸ ਤੋਂ ਪਹਿਲਾਂ ਕਿ ਦੀਵਾ..... ਭੱਕ ਕਰਕੇ ......ਬੁਝ ਜਾਵੇ......ਮੈਂ ਤੁਹਾਨੂੰ ਆਪਣੀ ਵਿਥਿਆ ਸੁਨਾਣਾ ਚਾਹੁੰਦਾ......ਹਾਂ। (ਖੰਘਦਾ ਹੈ)

ਦੀਪਾਂ—ਬਾਬਾ, ਬਹੁਤਾ ਬੋਲਣ ਨਾਲ ਵਧੇਰੇ ਜ਼ੋਰ ਲਗਦਾ ਹੈ ਤੇ ਤੈਨੂੰ ਪੀੜ ਵਧੇਰੇ ਹੁੰਦੀ ਹੈ, ਨਾਂ ਨਾਂ ਬੋਲ।

ਬਾਬਾ—ਮੈਨੂੰ ਆਪਣੀ......ਵਿਥਿਆ ਸੁਣਾ ਲੈਣ ਦੇ ਦੀਪਾਂ......ਦੀਵਾਨ ਸਾਹਿਬ ਮੈਂ......ਭਲੇ ਮਾਪਿਆਂ ਦੀ ਸੰਤਾਨ ਹਾਂ.... ਮੈਂ ਕਿਲਾ ਦੀਦਾਰ ਸਿੰਘ ਦਾ ਜੰਮ ਪਲ ਹਾਂ। ਕਿਲਾ ਦੀਦਾਰ ਸਿੰਘ........., ਗੁਜਰਾਂਵਾਲੇ ਜ਼ਿਲੇ ਵਿਚ......ਇਕ ਤਗੜਾ ਕਸਬਾ ਸੀ। ਪਿਉ ਮੇਰਾ ਤਗੜਾ......ਸ਼ਾਹੂਕਾਰ ਸੀ।......ਪਾਕਿਸਤਾਨ ਬਣਨ ਤੋਂ ਪਹਿਲਾਂ.....ਮੈਂ ਭੀ ਸ਼ਾਹੂਕਾਰਾ ਹੀ ਕਰਦਾ ਸਾਂ......ਮਾਪੇ ਮੇਰੇ ਕਾਲ ਵਾਸ ਹੋ ਗਏ ਹੋਏ ਸਨ.....ਮੈਂ ਆਪਣੇ ਘਰ ਚੰਗਾ ਰਾਜ਼ੀ ਸਾਂ। ਪਰ......ਪਾਕਿਸਤਾਨ ਬਣ ਗਿਆ।.....ਇਹਨਾਂ

Digitized by Panjab Digital Library | www.panjabdigilib.org

ਝਗੜਿਆਂ ਵਿਚ ਹੀ.....ਦੀਪਾਂ ਦੀ ਮਾਂ ਮਰ ਗਈ......ਅਸੀਂ ਬਚਦੇ ਬਚਾਂਦੇ ਏਧਰ ਆ ਗਏ।......ਮੈਂ ਉਸ ਵੇਲੇ ਅਠਤਾਲੀ ਸਾਲਾਂ ਦਾ ਸਾਂ......। ਹਾਏ......ਪੀੜ......ਦੀਪਾਂ ਮੈਨੂੰ ਪਾਣੀ ਦੇ......(ਦੀਪਾਂ ਉਠਕੇ ਪਾਣੀ ਦੇਂਦੀ ਹੈ, ਦੀਵਾਨ ਬਾਬੇ ਨੂੰ ਪਾਣੀ ਪਿਲਾਕੇ ਫਿਰ ਲਿਟਾ ਦੇਂਦਾ ਹੈ)......

ਦੀਪਾਂ—ਬਾਬਾ......ਹਾਲੀ ਨਾ ਬੋਲ, ਅਰਾਮ ਕਰ ਲੈ।

ਦੀਵਾਨ--ਹਾਂ ਥੋੜਾ ਚਿਰ ਅਰਾਮ ਕਰ ਲੈ, ਬਾਬਾ ਸੁੰਦਰ।

ਬਾਬਾ--ਨਹੀਂ......ਦੀਵਾਨ ਸਾਹਿਬ......ਦੀਪਾਂ ਨੇ ਆਪਣੀ ਮਾਂ ਦੇ ਗ਼ਮਾਂ ਵਿਚ......ਰੋ ਰੋ ਕੇ......ਅਖਾਂ ਗਾਲ ਲਈਆਂ......ਮੈਂ ਲੁਟਿਆ ਪੁ ਟਆ ਹੋਇਆ......ਕੁਝ ਚਿਰ ਕੈਂਪਾਂ ਵਿਚ ਕਟਿਆ ...... ਪਰ ਜਦ ਭੁਖਾ ਮਰਨ ਲੱਗਾ.....ਤਾਂ ਕਿਸੇ ਕੰਮ ਦੀ ਭਾਲ ਵਿਚ ......ਨਿਕਲਿਆ......ਕੰਮ ਕੋਈ ਨਾ ਮਿਲਿਆ......ਓੜਕ ਇਥੇ ਆ ਗਿਆ। ਜਵਾਨੀ ਵੇਲੇ ਮੈਂ ਤਰਨਾ ਤੇ ਬੇੜੀ ਚਲਾਣਾ ਚੰਗਾ ਜਾਣਦਾ ਸਾਂ,......ਉਹ ਜਾਚ ਹੁਣ ਕੰਮ ਆ ਗਈ......ਮੰਗ ਤੰਗ ਕੇ......ਮੈਂ ਬੇੜੀ ਬਣਾ ਲਈ.....ਤੇ ਮਾਲਕ ਦਾ ਸ਼ੁਕਰ ਕਰਦੇ ਹੋਏ......ਆਪਣਾ ਤੇ ਦੀਪਾਂ ਦਾ ਢਿਡ ਭਰਨ ਦਾ ਵਸੀਲਾ ਬਣਾ ਲਿਆ......(ਚੁਪ ਕਰ ਜਾਂਦਾ ਹੈ, ਝੁਗੀ ਵਿਚ ਕੁਝ ਸਮੇਂ ਲਈ ਨਿਸਤੇਬਧਤਾ ਰਹਿੰਦੀ ਹੈ)......ਦੀਪਾਂ ਦੀਆਂ......ਅਖਾਂ ਬੰਦ ਹੋ ਚੁਕੀਆਂ ਸਨ, ਇਹਨਾਂ ਦੀ ਲੋਅ ਮੁਕ ਚੁਕੀ ਸੀ......ਦੀਪਾਂ ਜਦ ਆਪਣੇ ਪਿੰਡ ਸੀ ਤਾਂ ਗਾਉਣਾ.....ਚੰਗਾ ਜਾਣਦੀ ਸੀ......ਮੈਂ ਇਸ ਨੂੰ ਰਾਗੀ.....ਮਾਸਟਰ ਰਖਕੇ ਦਿਤਾ ਹੋਇਆ ਸੀ।

ਦੀਵਾਨ—ਇਥੇ, ਬਾਬਾ, ਹੋਰ ਕੋਈ ਮਲਾਹ ਨਹੀ ਸੀ......

ਬਾਬਾ—ਇਕ ਦੋ ,ਹੋਰ ਹੈ.....ਸਨ। ਉਹਨ੍ਹਾਂ ਵਿਚੋਂ ਵੀ.....ਇਕ ਕੁਝ

Digitized by Panjab Digital Library | www.panjabdigilib.org

ਚਿਰ ਪਿਛੋਂ ਟੁਰ ਗਿਆ......ਬਾਕੀ ਇਕ ਹੀ ਰਹਿ ਗਿਆ, ਮੋਹਣਾ ਉਸਦਾ ਇਕ ਮੁੰਡਾ ਹੈ......ਗੋਬਿੰਦਾ...ਦੀਵਾਨ ਸਾਹਿਬ... ਬੜੀ ਖ਼ਾਹਸ਼ ਸੀ......ਕਿ ਪੈਸੇ ਜੁੜ ਜਾਨ ਤਾਂ......ਦੀਪਾਂ ਦੀਆਂ ਅਖਾਂ ਦਾ ਇਲਾਜ ਕਰਵਾਵਾਂ......ਇਸਨੂੰ ਲੋਚਣ ਸ਼ਕਤੀ ਫਿਰ ਮਿਲ ਜਾਵੇ......ਪਰ ਇਨੇ ਪੈਸੇ ਨਾਂ ਕਠੇ ਹੋ ਸਕੇ ...ਦੀਵਾਨ ਸਾਹਿਬ......(ਹਾਉਕਾ ਲੈਂਦਾ ਹੈ) ਮੇਰੀ ਦੀਪਾਂ ਬੜਾ...... ਚੰਗਾ ਗਾਉਂਦੀ ਹੈ......ਕਿਹਾ ਚੰਗਾ ਹੁੰਦਾ......ਜੇ ਕਰ ਇਸਨੂੰ...... ਫਿਰ ਅਖਾਂ ਮਿਲ ਜਾਂਦੀਆਂ......(ਚੁਪ ਕਰ ਜਾਂਦਾ ਹੈ)।

ਦੀਵਾਨ—ਬਾਬਾ, ਅਫਸੋਸ ਨਾਂ ਕਰ, ਤੂੰ ਰਾਜੀ ਹੋ ਦੀਪਾਂ ਨੂੰ ਸ਼ਹਿਰ ਲਿਜਾ ਕੇ ਇਸਦਾ ਇਲਾਜ ਕਰਾ ਲਾਂਗੇ।

ਬਾਬਾ—ਦੀਵਾਨ ਸਾਹਿਬ......ਅਫਸੋਸ ਤੇ ਰਹੇਗਾ......ਤੇ ਦੀਪਾਂ ਨੂੰ ਮੁੜ ਅਖਾਂ ਮਿਲਣ ਜਾਨ ਦੀ ਖ਼ਾਹਸ਼......ਮੈਂ ਦਿਲ ਵਿਚ ਹੀ ਲੈ ਕੇ ਮਰ ਜਾਂਗਾ.....(ਉਸਦੇ ਬੋਲ ਭਾਰੇ ਹੁੰਦੇ ਜਾਂਦੇ ਹਨ)।

ਦੀਪਾਂ—ਬਾਬਾ ਤੂੰ ਰਾਜ਼ੀ ਹੋ, ਮੇਰੀਆਂ ਅਖਾਂ ਵੀ ਠੀਕ ਹੋ ਜਾਣ ਗੀਆਂ।

ਬਾਬਾ—ਦੀਵਾਨ ਜੀ, ...ਮੇਰੀ ਹਾਲਤ ਬੜੀ ਖਰਾਬ ਹੈ।...... ਭਾਵੇਂ ਮੈਂ ਤੁਹਾਡੇ ਨਾਲ ਗਲਾਂ......ਕਰ......ਰਿਹਾ ਹਾਂ, ਪਰ ਮੈਨੂੰ ਪਤਾ ਹੈ, ਕਿ......ਮੇਰਾ ਘੋਰੜੂ ਕਿਸੇ ਵੇਲੇ ਵਜ ਜਾਏਗਾ......ਮਰਨ ਤੋਂ ਪਹਿਲਾਂ ਦੀਵਾਨ ਜੀ......ਮੈਂ ਤੁਹਾਨੂੰ ਇਕ ਆਪਣੀ ਅਤਿ ਪ੍ਰਿਯ ਅਮਾਨਤ......ਸੌਂਪਣਾ ਚਾਹੁੰਦਾ ਹਾਂ (ਦੀਵਾਨ ਦਾ ਸੱਜਾ ਹਥ ਫੜ ਕੇ) ਦੀਪਾਂ ਅਪਣਾ ਸੱਜਾ ਹਥ ਦੇ......(ਦੀਪਾਂ ਅਪਣਾ ਸੱਜਾ ਹਥ ਬਾਏ ਵਲ ਕਰਦੀ ਹੈ, ਉਹ ਉਸ ਹਥ ਨੂੰ ਫੜ ਕੇ ਦੀਵਾਨ ਦੇ ਸੱਜੇ ਹਥ ਵਿਚ ਦੇ ਦੇਂਦਾ ਹੈ) ਦੀਵਾਨ ਜੀ,......ਮਾਂ ਮਹਿਟਰ ਦੀਪਾਂ ਨੂੰ ਤੁਹਾਡੀ ਸੋਂਪਣੀ ਵਿਚ ਦੇਂਦਾ ਹਾਂ ਮੇਰੇ ਪਿਛੋਂ ਤੁਸਾਂ

Digitized by Panjab Digital Library | www.panjabdigilib.org

ਹੀ ਇਸਦਾ ਖਿਆਲ ਰਖਣਾ ਹੈ ਤੁਸੀਂ ਹੀ ਇਸ ਲਈ ਸਭ ਕੁਝ ਹੋਵੋਗੇ।.........

ਦੀਵਾਨ—(ਭਾਰੇ ਬੋਲਾਂ ਨਾਲ) ਕਿਉਂ ਨਹੀਂ ਬਾਬਾ, ਮੈਂ ਹਾਜ਼ਰ ਹਾਂ, ਤੂੰ ਕੋਈ ਫਿਕਰ ਨਾ ਕਰ, ਈਸ਼ਵਰ ਕਰੇ ਤੂੰ ਰਾਜ਼ੀ ਹੋ ਜਾਵੇਂ ਪਰ ਤੈਨੂੰ ਦੀਪਾਂ ਦੀ ਕੋਈ ਚਿੰਤਾ ਨਹੀਂ ਹੋਣੀ ਚਾਹੀਦੀ।

ਬਾਬਾ—ਦੀਵਾਨ ਜੀ, ਮੈਂ ਅੰਤਲੇ ਸੁਆਸ ਲੈ ਰਿਹਾਂ......

ਦੀਵਾਨ—ਮੈਂ ਤੈਨੂੰ ਮੋਟਰ ਵਿਚ ਸ਼ਹਿਰ ਲੈ ਜਾਂਵਾਗਾ ਤੇ ਤੇਰਾ ਉਥੇ ਇਲਾਜ ਕਰਵਾਂਵਾਗਾ। [ਹਥ ਛੁਡਾ ਲੈਂਦਾ ਹੈ]

ਬਾਬਾ—ਸਭ ਫਜ਼ੂਲ ਹੈ......ਮੈਂ ਹੁਣ ਨਹੀਂ ਬਚ ਸਕਣਾ......ਦੀਪਾਂ ਦੀ ਮਾਂ ......ਜਿਸ ਨਾਲ ਮੈਂ ਜੀਵਨ ਦੇ ਅਠਾਈ ਸਾਲ ਗੁਜ਼ਾਰੇ......ਦੀਵਾਨ ਜੀ, ਮੇਰੀ ਉਡੀਕ ਕਰ ਰਹੀ ਹੈ।......ਮੈਨੂੰ ਸੁਨੇਹੇ ਭੇਜ ਰਹੀ ਹੈ...... ਦੀਵਾਨ ਜੀ......ਦੀਪਾਂ ਨੂੰ ਅਖਾਂ ਦਿਵਾਣ ਦਾ ਜਤਨ ਕਰਿਆ ਜੇ।

ਦੀਵਾਨ- ਤੂੰ ਕੋਈ ਫਿਕਰ ਨਾ ਕਰ, ਬਾਬਾ......

ਬਾਬਾ—ਦੀਵਾਨ ਜੀ... ਦੀਪਾਂ ਦੀਆਂ......ਅਖਾਂ ਦੀ ਲੋਅ........ਜਾਣ ਕਾਰਣ ਮੈਂ ਦਸ ਸਾਲ ਪਹਿਲਾਂ......ਬੁੱਢਾ ਹੋ............ਗਿਆ...... (ਚੁਪ ਹੋ ਜਾਂਦਾ ਹੈ, ਕੁਝ ਚਿਰ ਪਿਛੋਂ) ...। ਦੀਪਾਂ ਨੂੰ ਜੇ ਕਰ ਅਖਾਂ ਮਿਲ ਜਾਣ, ਤੇ ਜਿਥੇ ਤੁਹਾਡੀ......ਮਰਜ਼ੀ ਹੋਵੇ, ਉਥੇ ਇਸ ਦਾ ਵਿਆਹ ਕਰ ਦੇਣਾ। ਮੈਂ............ਕਿਹੜਾ ਵੇਖਣ......ਆਉਣਾ ਹੈ। ਨਹੀਂ ਤੇ ਇਸ ਦੀ ਪਾਲਣਾ ਤੁਹਾਨੂੰ.........ਕਰਨੀ ਪਵੇਗੀ।

ਦੀਪਾਂ—(ਅਫਸੋਸ ਸੁਰ ਵਿਚ) ਬਾਬਾ......[ਰੋਣ ਲਗ ਜਾਂਦੀ ਹੈ]

ਬਾਬਾ—ਰੋ ਨਾ ਦੀਪਾਂ............ਮੇਰੀ ਆਖਰੀ ਖਾਹਿਸ਼ ਇਹ ਹੀ ਹੈ.........ਕਿ ਤੂੰ ਦੀਵਾਨ ਜੀ ਦੀ ਹਰ ਆਗਿਆ ਦਾ ਪਾਲਣਾ ਕਰੇਂ.........

Digitized by Panjab Digital Library | www.panjabdigilib.org

ਕੋਈ ਕੰਮ ਇਹੋ ਜਿਹਾ ਨਾ ਕਰੀਂ......ਜਿਸ ਕਰਕੇ ਦੀਵਾਨ ਜੀ ਇਹ ਆਖ............ਸਕਣ............ਕਿ ਨੀਚਾਂ ਨਾਲ ਵਾਹ ਪਿਆ ਸੀ। ਭਲੇ ਘਰ ਦੀ........ਸੰਤਾਨ........ਆਪਣੇ ਮਾਪਿਆਂ ਦਾ ਨਾਂ ਉਚਾ ਕਰਦੀ ਹੈ............ਜਿਵੇਂ ਦੀਵਾਨ ਸਾਹਿਬ ਆਖਣ............ ਉਸ ਤਰ੍ਹਾਂ ਹੀ ਕਰੀ।

ਦੀਪਾਂ–(ਰੋ ਕੇ) ਬਾਬਾ......

ਬਾਬਾ--ਰੋ ਨਾ ਕਮਲੀਏ............ਆਪਣੀ ਯਥਾ ਸ਼ਕਤ ਤੈਨੂੰ ਸੁਖ ਦੇਣ ਦਾ ਪੂਰਾ......ਜਤਨ ਕੀਤਾ......ਪਰ ਈਸ਼ਵਰ ਨੂੰ ਕੁਝ ਹੋਰ ਹੀ ਮਨਜ਼ੂਰ ਸੀ.........ਦੀਵਾਨ ਜੀ............ਦੀਪਾਂ ਨੇ ਆਪਣੇ ਜੀਵਨ ਦੇ ਪਹਿਲੇ ਪੰਦਰਾਂ ਸਾਲ ਬੜੇ............ਲਾਡਾਂ ਚਾਵਾਂ ਵਿਚ ਗੁਜ਼ਾਰੇ ਨੇ, ........ ਕੀ ਹੋਇਆ......... ਹੁਣ ਅਠਾਰਾਂ ਸਾਲਾਂ ਦੀ ਇਹ ਇਕ ਗਰੀਬ ਮਲਾਹ............ਦੀ ਧੀ ਹੈ.........ਪਰ ਇਸ ਵੀ ਜੀਵਨ ਦੇ ਪੂਰੇ...............ਸੁਖ ਵੇਖੇ ਸਨ.........ਦੀਪਾਂ............ (ਦੀਪਾਂ ਰੋਈ ਜਾਂਦੀ ਹੈ) ਰੋ ਨਾ............ਜਿਨਾ ਚਿਰ ਈਸ਼ਵਰ ਨੂੰ ਮਨਜ਼ੂਰ ਹੋਇਆ......ਆਸਾਂ ਸਮਾਂ ਕਠਾ ਬਿਤਾ ਲਿਆ............ਪਰ ਮੇਰੀ ਲਡਿੱਕੋ......ਹੁਣ ਵਿਛੋੜਾ ਸਿਰ ਤੇ ਮੰਡਲਾ ਰਿਹਾ ਹੈ........ ਮੇਰੇ ਥਾਂ ਦੀਵਾਨ ਜੀ......ਤੇਰੀ ਰੱਖਿਆ ਕਰਨਗੇ।... [ਜ਼ੋਰਦੀ ਖੰਘਦਾ ਹੈ]

ਦੀਵਾਨ–ਕਿਉਂ ਨਹੀਂ, ਕਿਉਂ ਨਹੀਂ, ਮੈਂ ਦੀਪਾਂ ਨੂੰ ਆਪਣੇ ਘਰ ਦਾ ਇਕ ਜੀਅ ਸਮਝਾਂਗਾ ... ... ... ... ...

ਬਾਬਾ–ਦੀਵਾਨ ਜੀ ... ਤੁਸੀ ਮਨੁੱਖੀ ਜਾਮੇ ਵਿਚ ... ... ਦੇਵਤਾ ਹੋ ... ... ਹਾਏ ... ... ਪੀੜ ... ... (ਛਾਤੀ ਘੱਟਦਾ ਹੈ) ਹਾਏ ... ... ਆਂ ... ... ਆਂ ... ... (ਗਲ ਵਿਚੋਂ ਗਰੱਰ ਗਰੱਰ ਦੀ ਆਵਾਜ਼ ਨਿਕਲਦੀ ਹੈ) ਆਂ ... ... ਆਂ ... ...

Digitized by Panjab Digital Library | www.panjabdigilib.org

ਦੀਪਾਂ–(ਚੀਕ ਕੇ) ਬਾਬਾ ... ... ...

ਦੀਵਾਨ–(ਉਠਕੇ ਬਾਬੇ ਦਾ ਸਿਰ ਚੁਕਦਾ ਹੋਇਆ) ਦੀਪਾਂ ਪਾਣੀ ਲਿਆ... ...

[ਦੀਪਾਂ ਉਠਦੀ ਹੈ ... ... ਪਾਣੀ ਲਿਆਉਂਦੀ ਹੈ, ਦੀਵਾਨ ਪਾਣੀ ਫੜਕੇ ਬਾਬੇ ਵਲ ਕਰਦਾ ਹੈ, ਉਹ ਹਥ ਦੇ ਇਸ਼ਾਰੇ ਨਾਲ ਪਾਣੀ ਪੀਣ ਤੋਂ ਇਨਕਾਰ ਕਰਦਾ ਹੈ ਤੇ ਲੇਟਣ ਦਾ ਇਸ਼ਾਰਾ ਕਰਦਾ ਹੈ, ਦੀਵਾਨ ਉਸਨੂੰ ਲਿਟਾ ਦੇਂਦਾ ਹੈ]

ਬਾਬਾ–(ਬੋਲਣ ਦਾ ਜਤਨ ਕਰਦੇ ਹੋਏ) ਦੀ ... ... ੀ ... ... ੀ ... ... ਪਾਂ ... ... ਾਂ ... ... ਾਂ ... ...

ਦੀਪਾਂ–(ਰੋਂਦੀ ਹੋਈ ਚੀਕ ਕੇ) ਬਾਬਾ ... ... ...

[ਬਾਬਾ ਅਪਣਾ ਸੱਜਾ ਹਥ ਉਤਾਂਹ ਚੁਕਦਾ ਹੈ, ਪਰ ਉਸਦਾ ਸਿਰ ਇਕ ਪਾਸੇ ਢਿਲਕ ਜਾਂਦਾ ਹੈ ਤੇ ਚੁੱਕੀ ਹੋਈ ਬਾਂਹ ਹੇਠਾਂ ਡਿਗ ਪੈਂਦੀ ਹੈ]

ਦੀਵਾਨ–(ਉਸ ਤੇ ਚਾਦਰ ਦੇਂਦੇ ਹੋਏ) ਆਹ ... ... ਅਜ ਇਕ ਨੇਕ ਜਿੰਦੜੀ ਇਸ ਜਹਾਨ ਤੋਂ ਕੂਚ ਕਰ ਗਈ ... ... [ਗਚ ਭਰ ਜਾਂਦਾ ਹੈ]

ਦੀਪਾਂ–(ਉੱਚੀ ਰੋਂਦੀ ਤੇ ਚੀਕਾਂ ਮਾਰਦੀ ਹੋਈ) ਹਾਏ ... ... ਬਾਬਾ ... ... ਬਾਬਾ ... ...

ਦੀਵਾਨ–(ਆਪਣੇ ਅਥਰੂ ਠਲ੍ਹਦਾ ਹੋਇਆ) ਨਾ ... ... ਰੋ ... ... ਦੀਪਾਂ ... ...

ਦੀਪਾਂ–ਬਾਬਾ ... ... ਬਾਬਾ ... ... ਬਾ

[ਬਾਬੇ ਤੇ ਡਿਗ ਪੈਂਦੀ ਹੈ, ਮੋਹਣ, ਦੁਰਗੀ ਤੇ ਗੁਬਿੰਦਾ ਅੰਦਰ ਉਹਨਾਂ ਕੋਲ ਆਉਂਦੇ ਹਨ]

ਮੋਹਣ–ਦੀਪਾਂ ... ... ਕੀ ਹੋਇਆ ... ... ...

ਮ

Digitized by Panjab Digital Library | www.panjabdigilib.org

ਦੀਪਾਂ–(ਡਿਗੀ ਤੇ ਰੋਂਦੀ ਹੋਈ) ਚਾਚਾ...... ਬਾਬਾ...... ਚਲਾ......
ਗਿਆ......

ਗੁਬਿੰਦਾ–ਦੀਪਾਂ............

ਦੀਪਾਂ–ਬਾਬਾ...... ਬਾਬਾ.........

ਦੁਰਗੀ–ਨਾ ਰੋ...... ਬੀਬੀ ਧੀ.........

[ਦੀਵਾਨ ਦੀਪਾਂ ਨੂੰ ਬਾਬੇ ਦੀ ਲੋਥ ਤੋਂ ਚੁਕਦਾ ਹੈ, ਪਰਦਾ ਦੀਪਾਂ ਦੀ 'ਬਾਬਾ' 'ਬਾਬਾ'ਦੀਆਂ ਚੀਕਾਂ ਵਿਚ ਡਿਗਦਾ ਹੈ]

Digitized by Panjab Digital Library | www.panjabdigilib.org

# ਦੂਜਾ ਐਕਟ

[ਇਕ ਕਮਰਾ, ਜਿਸਦੀ ਸਾਹਮਣੀ ਕੰਧ ਵਿਚ ਇਕ ਬੂਹਾ ਹੈ, ਜੋ ਦੂਜੇ ਕਮਰੇ ਵਿਚ ਖੁਲ੍ਹਦਾ ਹੈ, ਸਜੇ ਹਥ ਦੀ ਕੰਧ ਵਿਚ ਵੀ ਇਕ ਬੂਹਾ ਹੈ, ਜੋ ਹੋਰ ਕਮਰੇ ਵਿਚ ਖੁਲ੍ਹਦਾ ਹੈ। ਖਬੇ ਹਥ ਦੀ ਕੰਧ ਵਿਚ ਦੋ ਬਾਰੀਆਂ ਹਨ, ਜਿਨ੍ਹਾਂ ਤੇ ਜਾਲੀ ਲਗੀ ਹੋਈ ਹੈ, ਪਿਛਲੀ ਕੰਧ ਵਿਚ ਵੀ ਇਕ ਬੂਹਾ ਹੈ। ਕਮਰਾ ਵਰਤਮਾਨ ਕਾਲ ਦੇ ਮੁਤਾਬਿਕ ਸਜਿਆ ਹੋਇਆ ਹੈ, ਕਾਊਚ, ਸੋਫੇ ਸੈਟ ਤਿਪਾਈਆਂ ਬੜੇ ਸੁਚਜੇ ਢੰਗ ਨਾਲ ਰਖੀਆਂ ਹੋਈਆਂ ਹਨ। ਪਿਛਲੀ ਕੰਧ ਦੇ ਨਾਲ ਲਗੇ ਇਕ ਮੇਜ਼ ਤੇ ਰੇਡੀਉ ਸੈਟ ਪਿਆ ਹੈ।

ਅੰਗੀਠੀ ਉਤੇ ਤਸਵੀਰਾਂ ਹਨ, ਦੋ ਟੇਬਲ ਲੈਂਪ ਹਨ। ਕਮਰੇ ਵਿਚ ਦਰੀਆਂ ਤੇ ਕਾਲੀਨ ਵਿਛੇ ਹੋਏ ਹਨ।-ਬਿਜਲੀ ਦਾ ਪੱਖਾ ਸਿਰ ਤੇ ਘੂਕਦਾ ਹੈ।

ਵੇਲਾ ਦੁਪਿਹਰ ਦੇ ਤਿੰਨ ਵਜੇ ਦਾ। ਪਰਦਾ ਉਠਦਾ ਹੈ। ਦੀਵਾਨ ਤੇ ਦੀਪਾਂ ਬੈਠੇ ਗਲਾਂ ਕਰ ਰਹੇ ਹਨ, ਦੀਪਾਂ ਦੀ ਪੁਸ਼ਾਕ ਬਦਲ ਚੁਕੀ ਹੈ, ਹੁਣ ਇਹ ਮਲਾਹ ਦੀ ਧੀ ਨਹੀ ਜਾਪਦੀ। ਹੁਣ ਇਕ ਸੁਘੜ ਤੇ ਚੰਗੇ ਚਜ ਅਚਾਰ ਦੀ ਮਾਲਕ ਲਗਦੀ ਹੈ।]

ਦੀਪਾਂ–ਪਰ, ਦੀਵਾਨ ਸਾਹਿਬ, ਹਾਲੀ ਤਕ ਤੁਸਾਂ ਮੈਨੂੰ ਇਹ ਨਹੀਂ ਦਸਿਆ, ਕਿ ਤੁਹਾਡੀ ਇਹ ਹਾਲਤ ਕਿਉਂ ਹੋਈ ?

ਦੀਵਾਨ–ਪਰ ਕੀ ਦਸਣਾ ਜ਼ਰੂਰੀ ਹੈ, ਦੀਪਾਂ।

Digitized by Panjab Digital Library | www.panjabdigilib.org

ਦੀਪਾਂ—ਦੀਵਾਨ ਜੀ, ਇਤਨਾ ਵੱਡਾ ਘਰ ਹੋਵੇ, ਤੁਹਾਡੇ ਕਾਰਖਾਨੇ ਚਲਦੇ ਹੋਣ, ਕੋਠੀਆਂ ਦਾ ਇਤਨਾਂ ਕਿਰਾਇਆ ਆਉਂਦਾ ਹੋਵੇ, ਪਰ ਘਰ ਵਿਚ ਕੋਈ ਜ਼ਨਾਨੀ ਨਾਂ ਹੋਵੇ, ਕੋਈ ਬੱਚਾ ਘਰ ਵਿਚ ਨਾਂ ਖੇਡਦਾ ਹੋਵੇ, ਇਸ ਦਾ ਕਾਰਨ ਮੈਨੂੰ ਸਮਝ ਨਹੀਂ ਲਗੱਾ।

ਦੀਵਾਨ—ਦੀਪਾਂ ਕੀ ਲੈਣਾਂ ਈ ਇਹ ਗਲਾਂ ਪੁੱਛ ਕੇ। [ਹਉਕਾ ਲੈਂਦਾ ਹੈ]।

ਦੀਪਾਂ—ਕਿਉਂ ਤੁਹਾਨੂੰ ਜੇ ਕਰ ਦੁਖ ਹੁੰਦੈ, ਦਸਣ ਲਗਿਆਂ ਤਾਂ ਨਾਂ ਦਸੋ, ਪਰ ਇਹ ਗਲ ਹੈ ਅਜੀਬ।

ਦੀਵਾਨ—ਦੁਖ ਦੀ ਕੋਈ ਗਲ ਨਹੀਂ ਦੀਪਾਂ, ਤੇਰੇ ਕੋਲੋਂ ਮੈਂ ਕੁਝ ਵੀ ਲੁਕਾਣ ਨੂੰ ਤਿਆਰ ਨਹੀਂ।

ਦੀਪਾਂ—ਫਿਰ ਦਸੋ।

ਦੀਵਾਨ—ਦੀਪਾਂ ਅਜ ਤੋਂ ਸਤਾਈ ਸਾਲ ਪਹਿਲਾਂ ਮੇਰਾ ਵਿਆਹ ਇਕ ਚੰਗੇ ਘਰ ਹੋਇਆ। ਅਸੀਂ ਪਤੀ ਪਤਨੀ ਆਪਸ ਵਿਚ ਬੜੇ ਖ਼ੁਸ਼ ਸਾਂ। ਵਿਆਹ ਦੇ ਇਕ ਸਾਲ ਪਿਛੋਂ ਸਾਡੇ ਘਰ ਇਕ ਲੜਕਾ ਹੋਇਆ। ਉਸਦਾ ਨਾਂ ਅਸਾਂ ਵਿਦਿਆ ਭੂਸ਼ਨ ਰਖਿਆ। ਲੜਕੇ ਦੇ ਜੰਮਣ ਤੇ ਦੀਪਾਂ, ਅਸਾਂ ਅਨੇਕਾਂ ਖੁਸ਼ੀਆਂ ਕੀਤੀਆਂ ਮੇਰੇ ਮਾਪੇ ਜੀਊਂਦੇ ਸਨ ਤੇ ਅਮੀਰ ਸਨ। ਲੜਕੇ ਦੀ ਪਾਲਣਾ ਅਸਾਂ ਬੜੇ ਚਾਵਾਂ ਨਾਲ ਕੀਤੀ।

ਉਹਨੀ ਦਿਨੀਂ ਮੇਰੇ ਕੋਲ ਇਕ ਨੌਕਰ ਸੀ ਬੰਸੀ। ਬੰਸੀ ਬੜਾ ਪੁਰਾਣਾ ਨੌਕਰ ਸੀ। ਇਕ ਦਿਨ ਉਹਨੂੰ ਚੋਰੀ ਕਰਦੇ ਮੇਰੀ ਵਹੁਟੀ ਕਿਸ਼ਨ ਦੇਈ ਨੇਂ ਪਕੜ ਲਿਆ।ਚੋਰੀ ਮੰਨਣ ਦੇ ਥਾਂ ਉਸਨੇ ਕਿਸ਼ਨ ਦੀ ਬੇਇੱਜ਼ਤੀ ਕੀਤੀ। ਮੈਨੂੰ ਜਦ ਇਸ ਗਲ ਦਾ ਪਤਾ ਲਗਾ ਤਾਂ ਮੈਂ ਬੰਸੀ ਨੂੰ ਮਾਰਿਆ ਤੇ ਨੌਕਰੀ ਤੋਂ ਹਟਾ ਦਿਤਾ। ਉਸ ਮੇਰੇ ਬੜੇ

Digitized by Panjab Digital Library | www.panjabdigilib.org

ਤਰਲੇ ਕੀਤੇ, ਪਰ ਮੈਂ ਉਹਨੂੰ ਫਿਰ ਨੌਕਰ ਰਖਣ ਲਈ ਰਾਜ਼ੀ ਨਾ ਹੋਇਆ। ਉਹ ਚਲਾ ਗਿਆ ਪਰ ......... ਪਰ .........

[ਰੁਕ ਜਾਂਦਾ ਹੈ]

ਦੀਪਾਂ–(ਉਤਸੁਕਤਾ ਨਾਲ) ਫਿਰ ਦੀਵਾਨ ਜੀ, ਰੁਕ ਕਿਉਂ ਗਏ ਹੋ।

ਦੀਵਾਨ–ਅਗਲਾ ਹਿੱਸਾ ਬੜਾ ਦੁਖਦਾਈ ਹੈ। ਖ਼ੈਰ, ਬੰਸੀ ਜਾਂਦਾ ਜਾਂਦਾ ਸਾਡੇ ਕਾਕੇ ਨੂੰ ਵੀ ਚਕ ਕੇ ਲੈ ਗਿਆ। ਉਸਦੀ ਬੜੀ ਭਾਲ ਕੀਤੀ, ਪੁਲਸੀ ਵਿਚ ਇਸ ਬਾਰੇ ਰਪੋਰਟਾਂ ਦਿਤੀਆਂ, ਪਰ ਉਹ ਨਾਂ ਮਿਲਿਆ।

[ਉਸ ਦੇ ਬੋਲ ਭਾਰੀ ਹੋ ਜਾਂਦੇ ਹਨ]

ਦੀਪਾਂ–ਤੇ ਤੁਹਾਡਾ ਮੁੰਡਾ ?

ਦੀਵਾਨ–ਮੁੰਡੇ ਦਾ ਕੀ ਪਤਾ ਲਗਣਾ ਸੀ, ਚੁਕਣ ਵਾਲੇ ਦਾ ਹੀ ਜਦ ਕੋਈ ਪਤਾ ਨਾ ਲਗਾ। ਕੁਝ ਚਿਰ ਪਿਛੋਂ ਕਿਸ਼ਨ ਦਈ ਬੀਮਾਰ ਰਹਿਣੀ ਸ਼ੁਰੂ ਹੋ ਗਈ। ਉਸ ਰੋ ਰੋ ਕੇ ਆਪਣੀ ਸਿਹਤ ਵੀ ਖਰਾਬ ਕਰ ਲਈ ਸੀ। ਮੈਨੂੰ ਵੀ ਕਾਕੇ ਦੀ ਜੁਦਾਈ ਦਾ ਬੜਾ ਸੱਲ ਸੀ, ਪਰ ਮੇਰੀ ਪੇਸ਼ ਕੋਈ ਨਹੀਂ ਸੀ ਜਾਂਦੀ। ਕਿਸ਼ਨ ਦਈ ਇਕ ਸਾਲ ਬੀਮਾਰੀ ਰਹਿ ਕੇ ਪ੍ਰਲੋਕ ਸਿਧਾਰ ਗਈ।

ਦੀਪਾਂ–ਉਹ ! ਕਾਕੇ ਦਾ ਕੁਝ ਪਤਾ ਨਾ ਲਗਾ।

ਦੀਵਾਨ–(ਤ੍ਰਿਬੁੱਡ ਅਖਾਂ ਤੇ ਭਾਰੇ ਬੋਲਾਂ ਨਾਲ) ਨਾ। ਪਹਿਲਾਂ ਕਾਕੇ ਦੀ ਜੁਦਾਈ, ਫਿਰ ਕਿਸ਼ਨ ਦਈ ਦਾ ਵਿਛੋੜਾ ਤੇ ਮੌਤ ਇਹ ਦੁਖਦਾਈ ਘਟਨਾਵਾਂ ਸਨ।

ਦੀਪਾਂ–ਤੁਹਾਡੇ ਮਾਤਾ ਪਿਤਾ ਦਾ ਕੀ ਹਾਲ ਸੀ ?

ਦੀਵਾਨ–ਉਹਨਾਂ ਦਾ ਬੁਢੇਪੇ ਵਿਚ ਕੀ ਹਾਲ ਹੋਣਾ ਸੀ, ਮੈਨੂੰ ਦੁਖੀ ਵੇਖ ਕੇ ਉਹ ਵੀ ਦੁਖੀ ਸਨ, ਪਰ ਕਰ ਕੁਝ ਨਹੀਂ ਸਨ ਸਕਦੇ।

Digitized by Panjab Digital Library | www.panjabdigilib.org

ਦੀਪਾਂ—ਫਿਰ।

ਦੀਵਾਨ—ਫਿਰ ਪੰਜ ਛੇ ਸਾਲ ਮੈਂ ਇਸੇ ਤਰਾਂ ਹੀ ਕੰਮ ਕਾਰ ਵਿਚ ਲੱਗਾ ਰਿਹਾ ਤੇ ਕਾਕੇ ਦੀ ਭਾਲ ਕਰਦਾ ਰਿਹਾ। ਪਰ ਕਾਕਾ ਨਾ ਮਿਲਿਆ। ਮਾਪਿਆਂ ਦੇ ਜ਼ੋਰ ਦੇਣ ਤੇ ਮੈਂ ਹੋਰ ਵਿਆਹ ਕਰਵਾਇਆ, ਪਰ ਉਸ ਦੂਜੀ ਔਰਤ ਵਿਚੋਂ ਕੋਈ ਬਚਾ ਨਾ ਹੋਇਆ। ਦਸ ਸਾਲ ਅਸੀਂ ਕਠੇ ਰਹੇ, ਇਤਨੇ ਵਿਚ ਮੇਰੇ ਮਾਪੇ ਪ੍ਰਲੋਕ ਸਿਧਾਰ ਗਏ।

ਦੀਪਾਂ—ਹੂੰ … … …

ਦੀਵਾਨ—ਦਸ ਸਾਲ ਵਿਆਹੇ ਰਹਿਣ ਪਿਛੋਂ ਮੇਰੀ ਦੂਜੀ ਵਹੁਟੀ ਵੀ ਕਾਲ ਵਾਸ ਹੋ ਗਈ।

ਦੀਪਾਂ—ਤਦ ਤਾਂ ਤੁਹਾਨੂੰ ਬੜੀਆਂ ਸਟਾਂ ਲਗੀਆਂ ਨੇਂ।

ਦੀਵਾਨ—ਸਟਾਂ, ਜਹੀਆਂ ਸਟਾਂ, ਛੋਟੀ ਜਿਹੀ ਉਮਰ ਵਿਚ ਕਿਸਮਤ ਨੇ ਉਹ ਉਹ ਰੰਗ ਵਿਖਾਏ। ਜਿਨ੍ਹਾਂ ਨੂੰ ਵੇਖ ਕੇ ਪ੍ਰਮਾਤਮਾਂ ਦੀ ਕੁਦਰਤ ਦੀ ਛਾਪ ਸਹਿਜੇ ਹੀ ਮਨ ਤੇ ਅੰਕਤ ਹੋ ਜਾਂਦੀ ਹੈ।

ਦੀਪਾਂ—ਦੀਵਾਨ ਸਾਹਿਬ ਤੁਸਾਂ ਫਿਰ ਵਿਆਹ ਕਰਵਾ ਲੈਣਾ ਸੀ।
[ਮੁਸਕਾਂਦੀ ਹੈ]

ਦੀਵਾਨ—ਵਿਆਹ ਹੀ ਪਾਗਲ ਹੋ ਗਏ ਦੀਪਾਂ।

ਦੀਪਾਂ—ਇਕ ਆਦਮੀ, ਫਿਰ ਅਮੀਰ, ਇਸ ਸਮਾਜ ਵਿਚ ਜਿਤਨੇ ਚਾਹੇ ਵਿਆਹ ਕਰਵਾ ਲਏ। ਹਾਂ ਇਹ ਬੰਦਸ਼ਾਂ ਤਾਂ ਜਨਾਨੀਆਂ ਵਾਸਤੇ ਨੇ।

ਦੀਵਾਨ—ਹੁਣ ਤੇ ਜਨਾਨੀਆਂ ਲਈ ਕੋਈ ਬੰਦਸ਼ ਨਹੀਂ ਰਹੀ।

ਦੀਪਾਂ—ਹਾਂ, ਪਰ ਵਿਧਵਾ ਇਸਤਰੀ ਸਾਡੇ ਸਮਾਜ ਵਿਚ ਹਾਲੀ ਵੀ ਚੰਗਾ ਸਤਿਕਾਰ ਨਹੀਂ ਪ੍ਰਾਪਤ ਕਰਦੀ। ਲੋਕ ਉਸ ਨੂੰ ਸਦਾ ਸ਼ੱਕ ਦੀਆਂ

Digitized by Panjab Digital Library | www.panjabdigilib.org

ਨਜ਼ਰਾਂ ਨਾਲ ਹੀ ਤਕਦੇ ਰਹਿੰਦੇ ਨੇ।

ਦੀਵਾਨ—ਹਾਂ, ਇਹ ਤੇ ਠੀਕ ਹੈ।

ਦੀਪਾਂ—ਮਰਦ ਲਖਾਂ ਐਬ ਕਰਨ ਤੇ ਵੀ ਸਦਾ ਦੁਧੀ ਨਹਾਤਾ ਹੀ ਰਹਿੰਦਾ ਹੈ ਪਰ ਇਸਤਰੀ ਇਕ ਨਿਕੀ ਜਹੀ ਠੋਕਰ ਨਾਲ ਹੀ ਕਲੰਕਤ ਹੋ ਜਾਂਦੀ ਹੈ। ਫ਼ਿਰ ਖਾਸ ਕਰਕੇ ਵਿਧਵਾ ਇਸਤਰੀ ਜਿਸਦੀ ਇਕ ਹਲਕੀ ਜਹੀ ਮੁਸਕਾਣ ਦੇ ਲੋਕ ਕਈ ਭਾਵ ਕੱਢਦੇ ਨੇ।

ਦੀਵਾਨ—ਭਾਵੇਂ ਉਸ ਹਲਕੀ ਮੁਸਕਾਣ ਹੇਠ ਵੀ ਕਈ ਚੰਗਾਰੀਆਂ ਦਬੀਆਂ ਹੋਣ।

ਦੀਪਾਂ—ਚੰਗੇਰੀਆਂ, ਜਿਨ੍ਹਾਂ ਵਿਚੋਂ ਇਕ ਚਿਣਗ ਨਿਕਲ ਕੇ ਸਾਰੇ ਸਮਾਜ ਨੂੰ ਸੁਆਹ ਕਰਨ ਦੀ ਤਾਕਤ ਰਖਦੀ ਹੋਵੇ।

ਦੀਵਾਨ—ਹਾਂ, ਇਹ ਤੇ ਠੀਕ ਹੈ।

ਦੀਪਾਂ—ਪਰ, ਦੀਵਾਨ ਜੀ ਤੁਹਾਨੂੰ ਓਦੋਂ ਹੋਰ ਵਿਆਹ ਕਰਵਾ ਲੈਣਾ ਚਾਹੀਦਾ ਸੀ, ਹੁਣ ਵੀ ਕਰਵਾ ਲੈਣ ਵਿਚ ਕੋਈ ਹਰਜ਼ ਨਹੀਂ।

ਦੀਵਾਨ—ਮੇਰੇ ਮਤਲਬ ਦੀ ਕੋਈ ਇਸਤਰੀ ਮੈਨੂੰ ਹੁਣ ਸ਼ਾਇਦ ਨਾ ਮਿਲ ਸਕੇ।

ਦੀਪਾਂ—ਲੈ ਇਸਤਰੀਆਂ ਦਾ ਕਾਲ ਤੇ ਨਹੀਂ ਪੈ ਗਿਆ। ਕਿਸੇ ਵਿਧਵਾ ਨਾਲ ਵਿਆਹ ਕਰਵਾ ਲਉ। ਵਿਧਵਾ ਨਾਲ ਨਹੀ ਕਰਵਾਉਣਾ ਤੇ ਕਵਾਰੀ ਮਿਲ ਜਾਏਗੀ।

ਦੀਵਾਨ--ਪਰ ਮੇਰੇ ਨਾਲ ਕੋਈ ਵਿਆਹ ਕਰਵਾਉਣ ਨੂੰ ਹੁਣ ਸ਼ਾਇਦ ਕੋਈ ਤਿਆਰ ਨਾ ਹੋਵੇ।

ਦੀਪਾਂ—ਕਿਉਂ ਨਹੀਂ, ਕਈ ਹੋਣਗੀਆਂ।

ਦੀਵਾਨ--(ਆਪਣੀ ਥਾਂ ਤੋਂ ਉਠਕੇ ਦੀਪਾਂ ਕੋਲ ਜਾ ਕੇ) ਦੀਪਾਂ ਕੀ ਤੂੰ ਮੇਰੇ

Digitized by Panjab Digital Library | www.panjabdigilib.org

ਨਾਲ ਵਿਆਹ ਕਰਵਾਉਣ ਨੂੰ ਤਿਆਰ ਹੋਵੇਗੀ।

ਦੀਪਾਂ--(ਘਾਬਰ ਕੇ) ਮ.........ਮ............ਮੈ..........ਦੀਵਾਨ ਸਾਹਿਬ।

ਦੀਵਾਨ--ਹਾਂ, ਦੀਪਾਂ ਤੂੰ।

ਦੀਪਾਂ--(ਸੰਭਲਦੀ ਹੋਈ) ਮੈਂ ਤਾਂ ਅੰਨ੍ਹੀ ਹਾਂ।

ਦੀਵਾਨ—ਇਸਦਾ ਇਲਾਜ ਤਾਂ ਹੋ ਜਾਏਗਾ। ਡਾਕਟਰ ਰਾਏ ਤੇਰੀਆਂ ਅਖਾਂ ਦਾ ਇਲਾਜ ਕਰੇਗਾ ਇਕ ਮਹੀਨਾ ਠਹਿਰ ਕੇ ਉਹ ਆਖਦਾ ਸੀ ਕੱਚੀ ਪੱਕੀ ਬਹਾਰ ਲੰਘ ਲਏ।

ਦੀਪਾਂ—ਹੂੰ।

ਦੀਵਾਨ—ਤੈਨੂੰ ਅਖਾਂ ਮਿਲ ਜਾਣਗੀਆਂ।

ਦੀਪਾਂ--ਪਰ ਮੈਂ ਇਕ ਗਰੀਬ ਮਲਾਹ ਦੀ ਧੀ ਹਾਂ, ਜਿਸ ਨੂੰ ਸਮਾਜ ਦੇ ਸ਼ਿਸ਼ਟਾਚਾਰ ਦਾ ਜ਼ਰਾ ਦਾ ਕੁਝ ਵੀ ਪਤਾ ਨਹੀ। ਮੈ ਅਮੀਰਾਂ ਤੇ ਪੜ੍ਹੇ ਹੋਇਆਂ ਦੇ ਸਮਾਜ ਵਿਚ ਕਿਵੇ ਗੁਜ਼ਾਰਾ ਕਰ ਸਕਦੀ ਹਾਂ ?

ਦੀਵਾਨ—ਇਸ ਗਲ ਦਾ ਇਲਾਜ ਮੈਂ ਆਪੇ ਕਰ ਲਾਂਗਾ।

[ਨੌਕਰ ਅੰਦਰ ਆਉਂਦਾ ਹੈ]

ਨੌਕਰ—ਦੀਵਾਨ ਸਾਹਿਬ, ਇਕ ਆਦਮੀ ਆਪ ਨੂੰ ਮਿਲਣਾ ਚਾਹੁੰਦਾ ਹੈ।

ਦੀਵਾਨ—ਅੰਦਰ ਲੈ ਆ।

ਦੀਪਾਂ—(ਉਠਦੀ ਹੋਈ) ਮੈਂ ਜਾਵਾਂ।

ਦੀਵਾਨ—ਬੈਠ, ਦੀਪਾਂ!

ਦੀਪਾਂ—ਨਹੀਂ, ਮੈਂ ਹੁਣੇ ਆ ਜਾਵਾਂਗੀ। [ਟੋਹ ਟੋਹ ਕੇ ਸਜੇ ਪਾਸੇ ਦੇ ਬੂਹੇ ਰਾਹੀਂ ਬਾਹਰ ਨਿਕਲ ਜਾਂਦੀ ਹੈ]

ਦੀਵਾਨ—(ਅਪਣੇ ਆਪ ਨਾਲ) ਕੀ ਮੈਂ ਫਿਰ ਖੁਸ਼ੀ ਵੇਖ ਸਕਾਂਗਾ। ਕੀ

Digitized by Panjab Digital Library | www.panjabdigilib.org

ਮੇਰੇ ਮਨ ਦਾ ਘੁੰਡੀਕ ਕਦੇ ਖਿੜੇਗਾ। ਕਾਕਾ ਚਲਾ ਗਿਆ, ਮੇਰੇ ਮਨ ਦਾ ਸੁਖ ਆਰਾਮ ਨਾਲ ਲੈ ਗਿਆ, ਮਾਨੋ ਮੇਰੀ ਤਕਦੀਰ ਦਾ ਚੱਕਰ ਪੁੱਠਾ ਚਲਾ ਗਿਆ। ਕਿਸ਼ਨ ਦਈ ਗਈ, ਮਾਪੇ ਗਏ ਮਨੋਰਮਾਂ ਗਈ। ਕੀ ਮੈਂ ਕਦੇ ਕਾਕੇ ਦਾ ਫਿਰ ਮੂੰਹ ਵੇਖ ਸਕਾਂਗਾ। ਹੁਣ ਤੇ ਉਹ ਵੱਡਾ ਹੋ ਗਿਆ ਹੋਵੇਗਾ, ਭਰ ਜਵਾਨ। ਕੀ ਹੁਣ...... ........ਹੁਣ............।

[ਨੌਕਰ ਨਾਲ ਗੁਬਿੰਦਾ ਅੰਦਰ ਆਉਂਦਾ ਹੈ। ਨੌਕਰ ਚਲਾ ਜਾਂਦਾ ਹੈ, ਗੁਬਿੰਦੇ ਦੇ ਕਪੜੇ ਸਾਦੇ ਮਲਾਹਾਂ ਵਰਗੇ ਹੈਣ, ਉਮਰ ਪੰਝੀ ਛੱਬੀ ਸਾਲ, ਭਰ ਜਵਾਨ, ਸਰੀਰ ਦਾ ਰਿਸ਼ਟ ਪੁਸ਼ਟ ਹੈ]।

ਗੁਬਿੰਦਾ–(ਹਥ ਜੋੜਦਾ ਹੋਇਆ) ਜੈ ਹਿੰਦ, ਦੀਵਾਨ ਸਾਹਿਬ।

ਦੀਵਾਨ–ਜੈ ਹਿੰਦ। ਬੈਠੋ ਜੀ। (ਗੁਬਿੰਦਾ ਇਕ ਮਾਮੂਲੀ ਜਹੀ ਚੌਂਕੀ ਤੇ ਬੈਠਦਾ ਹੈ) ਕੀ ਹੁਕਮ ਹੈ ਜੀ।

ਗੁਬਿੰਦਾ–ਮੈਂ ਦੀਪਾਂ ਦੀ ਖਬਰ ਸੁਰਤ ਲੈਣ ਆਇਆਂ ਹਾਂ ਜੀ, ਉਸਦਾ ਘਰ ਤੇ ਸਾਡਾ ਘਰ ਕੋਲ ਕੋਲ ਹੀ ਸਨ। ਬਾਬਾ ਸੁੰਦਰ ਮਲਾਹ ਸਨ।

ਦੀਵਾਨ–ਹੂੰ! ਤੂੰ ਵੀ ਮਲਾਹ ਹੈਂ?

ਗੁਬਿੰਦਾ–ਹਾਂ ਜੀ।

ਦੀਵਾਨ–ਤੇ ਤੇਰਾ ਬਾਪ?

ਗੁਬਿੰਦਾ–ਉਹ ਵੀ ਮਲਾਹ ਹੀ ਹੈਣ ਜੀ। ਉਹਨਾਂ ਦਾ ਨਾਂ ਮੋਹਣ ਹੈ।

ਦੀਵਾਨ–ਦੀਪਾਂ ਨਾਲ ਤੇਰਾ ਕੀ ਸਬੰਧ ਹੈ?

ਗੁਬਿੰਦਾ–(ਸਾਦਗੀ ਤੇ ਭੋਲੇਪਣ ਨਾਲ) ਸਬੰਧ ਕੋਈ ਨਹੀਂ ਸੀ। ਕਠੇ ਰਹਿਣ ਕਰਕੇ ਅਸੀਂ ਇਕ ਦੂਜੇ ਨਾਲ ਖੇਡਦੇ ਰਹੇ ਹਾਂ। ਹੁਣ ਅਸੀਂ

Digitized by Panjab Digital Library | www.panjabdigilib.org

ਇਕ ਦੂਜੇ ਨੂੰ ਪਿਆਰ........।

ਦੀਵਾਨ—(ਗਲ ਟੁਕ ਕੇ) ਪਿਆਰ ਕਰਦੇ ਹੋ, ਹੂੰ...........ਪਰ...........ਹੁਣ ਤੂੰ ਦੀਪਾਂ ਦਾ ਤੇ ਅਪਣਾ ਮੁਕਾਬਲਾ ਕਰ। ਓਹ ਤੁਹਾਡੀ ਦੁਨੀਆਂ ਛਡ ਕੇ ਨਵੀਂ ਦੁਨੀਆਂ ਵਿਚ ਆ ਗਈ ਹੈ, ਜਿਥੋਂ ਦਾ ਖਾਣਾ, ਪਹਿਨਣਾ ਤੇ ਰਹਿਣੀ ਬਹਿਣੀ ਇਕ ਦੂਜੇ ਦੇ ਸਦਾ ਉਲਟ ਨੇਂ।

ਗੁਬਿੰਦਾ—ਇਹ ਠੀਕ ਹੋਵੇਗਾ ਜੀ, ਪਰ...........

ਦੀਵਾਨ—ਪਰ ਪੁਰ ਕੋਈ ਨਹੀਂ। ਹੁਣ ਤੈਨੂੰ ਦੀਪਾਂ ਦਾ ਖਿਆਲ ਛਡਣਾ ਪਏਗਾ, ਤੁਹਾਡੇ ਦੋਹਾਂ ਦਾ ਪਿਆਰ ਹੁਣ ਨਹੀਂ ਚਲ ਸਕਦਾ ਆਪਣੇ ਕਪੜੇ ਵੇਖ ਤੇ ਉਸਦੇ ਕਪੜੇ ਵੇਖ।

ਗੁਬਿੰਦਾ—(ਹਿੰਮਤ ਨਾਲ) ਪਿਆਰ ਕਪੜਿਆਂ ਨਾਲ ਨਹੀਂ ਹੁੰਦਾ ਸਾਹਿਬ।

ਦੀਵਾਨ—ਹੂੰ...........

ਗੁਬਿੰਦ—ਦਿਲ ਦਾ ਸੌਦਾ ਦਿਲ ਨਾਲ ਹੁੰਦਾ ਹੈ। ਪਿਆਰ ਨੂੰ ਪਿਆਰ ਦਾ ਹੈ।

ਦੀਵਾਨ—ਖੈਰ...........(ਲਾਪ੍ਰਵਾਹੀ ਨਾਲ) ਅਜ ਤਾਂ ਤੂੰ ਉਸ ਨੂੰ ਮਿਲ ਲੈ, ਪਰ ਫਿਰ ਇਸ ਗਲ ਦੀ ਕਦੇ ਹਿੰਮਤ ਨਾਂ ਕਰੀਂ।

ਗੁਬਿੰਦਾ—ਅਛਾ ਜੀ।

ਦੀਵਾਨ—ਤੇਰਾ ਪਿਉ ਕਦੋਂ ਦਾ ਮਲਾਹ ਦਾ ਕੰਮ ਕਰਦਾ ਹੈ?

ਗੁਬਿੰਦਾ—ਨਿਕੇ ਹੁੰਦਿਆਂ ਤੋਂ ਹੀ ਜੀ, ਜਦੋਂ ਦਾ ਮੈਂ ਉਹਨਾਂ ਨੂੰ ਵੇਖਣ ਲਗਾ ਉਹ ਇਹ ਹੀ ਕੰਮ ਕਰਦੇ ਨੇਂ।

ਦੀਵਾਨ—ਮੈਂ ਆਖਿਆ, ਤੁਸੀ ਵੀ ਬਾਬੇ ਸੁੰਦਰ ਦੇ ਨਾਲ ਪਾਕਿਸਤਾਨ ਤੋਂ ਆਏ ਸੀ।

ਗੁਬਿੰਦਾ—ਨਹੀਂ ਜੀ।

Digitized by Panjab Digital Library | www.panjabdigilib.org

ਦੀਵਾਨ–ਅੱਛਾ। (ਵਾਜ ਮਾਰਦਾ ਹੈ) ਦੀਪਾਂ, ਦੀਪਾਂ।

ਦੀਪਾਂ–(ਦੂਰੋਂ) ਆਈ ਦੀਵਾਨ ਜੀ।

[ਕੁਝ ਸਮੇਂ ਲਈ ਕਮਰੇ ਵਿਚ ਚੁਪ ਚਾਂਅ ਵਰਤ ਜਾਂਦੀ ਤੇ ਨਿਸੱਤਬਧਤਾ ਰਹਿੰਦੀ ਹੈ, ਫਿਰ ਦੀਪਾਂ ਰਾਹ ਟੋਹ ਟੋਹ ਕੇ ਅੰਦਰ ਆਉਂਦੀ ਹੈ ਤੇ ਆ ਕੇ ਆਪਣੀ ਥਾਂ ਤੇ ਬੈਠ ਜਾਂਦੀ ਹੈ।]

ਦੀਪਾਂ–ਜੀ ਦੀਵਾਨ ਸਾਹਿਬ!

ਦੀਵਾਨ–ਦੀਪਾਂ ਗੁਬਿੰਦਾ ਤੈਨੂੰ ਮਿਲਣ ਆਇਆ ਹੈ।

ਦੀਪਾਂ–ਅੱਛਾ ਦੀਵਾਨ ਜੀ।

[ਨੌਕਰ ਅੰਦਰ ਆਉਂਦਾ ਹੈ]

ਨੌਕਰ–ਹਜ਼ੂਰ, ਮੈਨੇਜਰ ਸਾਹਿਬ ਆਏ ਨੇਂ, ਆਪ ਨਾਲ ਗਲ ਕਰਨ ਚਾਹੁੰਦੇ ਨੇਂ।

ਦੀਵਾਨ–(ਉਠਦਾ ਹੋਇਆ) ਅੱਛਾ। ਦੀਪਾਂ ਮੈਂ ਮੈਨੇਜਰ ਨਾਲ ਗਲ ਕਰ ਆਵਾਂ।

ਦੀਪਾਂ–ਅੱਛਾ ਜੀ। (ਦੀਵਾਨ ਤੇ ਨੌਕਰ ਬਾਹਰ ਨਿਕਲ ਜਾਂਦੇ ਹਨ)

ਗੁਬਿੰਦਾ–ਦੀਪਾਂ। (ਖੁਸ਼ ਹੈ)

ਦੀਪਾਂ–ਗੁਬਿੰਦ।

ਗੁਬਿੰਦਾ–ਦੀਪਾਂ, ਇਥੇ ਖੁਸ਼ ਹੈਂ ?

ਦੀਪਾਂ–ਜਿਥੇ ਦਿਨ ਕਟਣੇ ਪੈਣ, ਉਥੇ ਖੁਸ਼ ਹੀ ਰਹਿਣਾ ਪੈਂਦਾ ਹੈ।

ਗੁਬਿੰਦਾ–ਆ ਤੈਨੂੰ ਆਪਣੇ ਨਾਲ ਲੈ ਚਲਾਂ, ਬਾਪੂ ਤੇ ਮਾਂ ਤੈਨੂੰ ਬੜਾ ਯਾਦ ਕਰਦੇ ਨੇਂ।

Digitized by Panjab Digital Library / www.panjabdigilib.org

ਦੀਪਾਂ–ਮੈਂ ਪਹਿਲਾਂ ਅਖਾਂ ਦਾ ਇਲਾਜ ਕਰ ਲਾਂ। ਕੀ ਚਾਚਾ ਤੇ ਚਾਚੀ ਰਾਜ਼ੀ ਨੇ ?

ਗੁਬਿੰਦਾ–ਹਾਂ, ਤੈਨੂੰ ਤੇ ਤਾਏ ਨੂੰ ਬੜਾ ਯਾਦ ਕਰਦੇ ਰਹਿੰਦੇ ਨੇਂ।

ਦੀਪਾਂ–ਤੇਰਾ ਕੀ ਹਾਲ ਹੈ ?

ਗੁਬਿੰਦਾ–ਬੜਾ ਚੰਗਾ ਹੈ। ਮੈਨੂੰ ਇਹ ਤੇਰਾ ਦੀਵਾਨ ਸਾਹਿਬ ਤੇ ਬੜਾ ਗੁਸੇ ਹੋਇਆ ਹੈ।...........

ਦੀਪਾਂ–ਕੀ ਆਖਦੇ ਸੀ ? [ਉਸ ਵਲ ਮੂੰਹ ਕਰਦੀ ਹੈ]

ਗੁਬਿੰਦਾ–ਆਖਦਾ ਸੀ, ਹੁਣ ਤੈਨੂੰ ਮਿਲ ਲੈਣ ਦੇਨਾਂ, ਫਿਰ ਨਾਂ ਕਦੇ ਆਂਵੀਂ।

ਦੀਪਾਂ–ਉਹ ਇਹੋ ਜਹੇ ਤੇ ਨਹੀਂ। ਬੜੇ ਕੋਮਲ ਸੁਭਾਅ ਦੇ ਨੇਂ।

ਗੁਬਿੰਦਾ–ਪਰ ਮੈਨੂੰ ਤੇ ਪੱਥਰ ਵਾਂਗ ਵਜਿਆ ਹੈ।

ਦੀਪਾਂ–ਜਾਂ ਹੋ ਸਕਦਾ ਹੈ, ਤੂੰ ਕੋਈ ਇਹੋ ਜਹੀ ਗਲ ਕਰ ਦਿਤੀ ਹੋਵੇ। ਕੀ ਕੋਈ ਗਲ ਹੋਈ ਸੀ ?

ਗੁਬਿੰਦਾ–ਮੈਂ ਉਹਨੂੰ ਕੇਵਲ ਇਤਨਾਂ ਹੀ ਆਖਿਆ ਸੀ ਕਿ ਅਸੀਂ ਦੋਵੇਂ ਕਠੇ ਖੇਡਦੇ ਰਹੇ ਹਾਂ, ਤੇ ਹੁਣ ਇਕ ਦੂਜੇ ਨੂੰ ਅਸੀਂ ਪਿਆਰ ਕਰਦੇ ਹਾਂ, ਮੈਂ ਤ ਤੂੰ।

ਦੀਪਾਂ–ਪਰ ਤੂੰ ਇਹ ਕਿਉਂ ਆਖਣਾ ਸੀ ?

ਗੁਬਿੰਦਾ–ਉਹ ਜੋ ਪੁਛੱਣ ਲਗਾ, ਤੇਰਾ ਮੇਰਾ ਕੀ ਸਬੰਧ ਹੈ ? ਪਰ ਦਸ ਇਸ ਵਿਚ ਮੈਂ ਕੋਈ ਝੂਠ ਆਖਿਆ ਸੀ।

ਦੀਪਾਂ–ਝੂਠ ! ਤੈਨੂੰ ਇੰਵ ਨਹੀਂ ਆਖਣਾ ਚਾਹੀਦਾ।

ਗੁਬਿੰਦਾ–ਕਿਉਂ ?

ਦੀਪਾਂ–ਹੋ ਸਕਦਾ ਹੈ, ਗੋਬਿੰਦ, ਮੇਰੀਆਂ ਅਖਾਂ ਠੀਕ ਹੋ ਜਾਣ ਤੇ ਮੈਨੂੰ ਦੀਵਾਨ ਜੀ ਨਾਲ............

ਗੁਬਿੰਦਾ–(ਉਤਸਕਤਾ ਨਾਲ) ਹਾਂ ! ਹਾਂ !

Digitized by Panjab Digital Library | www.panjabdigilib.org

ਦੀਪਾਂ—ਮੈਨੂੰ ਉਹਨਾਂ ਕੋਲ ਹੀ ਰਹਿਣਾ ਪਵੇ।
ਗੁਬਿੰਦਾ—ਉਹਨਾਂ ਕੋਲ ! ਉਹ ਕਿਵੇਂ।
ਦੀਪਾਂ—ਜਿਸ ਤਰ੍ਹਾਂ ਰਹੀ ਦਾ ਹੁੰਦਾ ਹੈ।
ਗੁਬਿੰਦਾ—(ਸਮਝ ਕੇ ਚੀਕਦਾ ਹੋਇਆ) ਨਹੀਂ ਤੂੰ ਇੰਞ ਨਹੀਂ ਕਰੇਂਗੀ।
ਦੀਪਾਂ—ਪਰ ਮੈਨੂੰ ਕਰਨਾ ਪਵੇ ਤੇ ਮੈਂ ਨਾਂਹ ਕਿਵੇਂ ਕਰ ਸਕਦੀ ਆਂ।
ਗੁਬਿੰਦਾ—ਕਿਉਂ ?
ਦੀਪਾਂ—ਦੀਵਾਨ ਜੀ ਦੇ ਬੜੇ ਹਸਾਨ ਨੇਂ ਮੇਰੇ ਤੇ।
ਗੁਬਿੰਦਾ—ਤਾਂ ਕੀ ਤੂੰ ਇਹਨਾਂ ਹਸਾਣਾਂ ਬਦਲੇ ਆਪਣੇ ਆਪ ਨੂੰ ਵੇਚ ਦੇਵੇਂਗੀ।
ਦੀਪਾਂ—ਹਾਂ ਲੋੜ ਪਈ, ਤੇ ਵੇਚ ਦਿਆਂਗੀ। ਮੈਂ ਦੀਵਾਨ ਜੀ ਦੀ ਇਹਨਾਂ ਹਸਾਣਾਂ ਕਾਰਣ ਕ੍ਰਿਤਗਯ ਹਾਂ, ਤੇ ਉਹਨਾਂ ਨੂੰ ਖੁਸ਼ ਕਰਨ ਲਈ ਮੈਂ ਸਭ ਕੁਝ ਕਰਾਂਗੀ।
ਗੁਬਿੰਦਾ—ਨਹੀਂ, ਤੇ ਮੇਰਾ ਪਿਆਰ।
ਦੀਪਾਂ—ਤੇਰਾ ਪਿਆਰ, ਹੋਰ ਪ੍ਰਿਯ ਭਾਲੇਗਾ।
ਗੁਬਿੰਦਾ—(ਚੀਕ ਕੇ) ਤਾਂ ਕੀ, ਇਤਨੇ ਚਿਰ ਦਾ ਪਾਇਆ ਪਿਆਰ ਤੂੰ ਕੱਚੇ ਸੂਤਰ ਦੀਆਂ ਤੰਦਾਂ ਵਾਂਗ ਤੋੜ ਦੇਵੇਂਗੀ ?
ਦੀਪਾਂ—ਹਾਂ, ਜੇ ਲੋੜ ਪਈ ਤੇ।
ਗੁਬਿੰਦਾ—ਇਹ ਲੋੜ ਕਦ ਪਏਗੀ ? ਇਸਦਾ ਫੈਸਲਾ ਕਦ ਹੋਵੇਗਾ ?
ਦੀਪਾਂ—ਮੇਰੀਆਂ ਅਖਾਂ ਠੀਕ ਹੋਣ ਤੇ।
ਗੁਬਿੰਦਾ—ਪੰਜ ਮਹੀਨੇ ਤੈਨੂੰ ਸਾਥੋਂ ਆਇਆਂ ਹੋ ਗਏ ਨੇ, ਹਾਲੀ ਤਕ ਅਖਾਂ ਦਾ ਤੂੰ ਇਲਾਜ ਨਹੀਂ ਕਰਵਾਇਆ।
ਦੀਪਾਂ—ਅਗਲੇ ਮਹੀਨੇ ਕਰਵਾਵਾਂਗੀ। ਡਾਕਟਰ ਰਾਏ ਦੇ ਹਸਪਤਾਲ। ਡਾਕਟਰ ਨੇ ਭਰੋਸਾ ਦਿਵਾਇਆ ਹੈ, ਕਿ ਅਖਾਂ ਠੀਕ ਹੋ ਜਾਣਗੀਆਂ।
ਗੋਬਿੰਦਾ—ਦੀਪਾਂ ਮੇਰੀ ਦੁਨੀਆਂ ਉਜੜ ਜਾਏਗੀ।

Digitized by Panjab Digital Library | www.panjabdigilib.org

ਦੀਪਾਂ—ਤੇਰੀ ਉਜੜੇਗੀ ਤਾਂ ਕਿਸੇ ਦੀ ਵਸੇਗੀ ਵੀ। ਬਾਬਾ ਮਰਦੇ ਸਮੇਂ ਮੈਨੂੰ ਆਖ ਗਿਆ ਸੀ, ਮੈਂ ਦੀਵਾਨ ਜੀ ਦੀਆਂ ਗਲਾਂ ਮੰਨਾਂ। ਬਸ ਮੈਂ ਤਾਂ ਕ੍ਰਿਤਵਯ ਦਾ ਪਾਲਣ ਕਰਾਂਗੀ।

ਗੁਬਿੰਦਾ—ਪਰ ਦੀਪਾਂ ਤੇਰਾ ਮੇਰੇ ਵਲ ਵੀ ਕੁਝ ਕ੍ਰਿਤਵਯ ਹੈ।

ਦੀਪਾਂ—ਹਾਂ ਹੈਣ, ਤੇਰੇ ਵਲ ਮੇਰੇ ਦਿਲ ਦਾ ਕ੍ਰਿਤਵਯ ਹੈ, ਪਰ ਦੀਵਾਨ ਜੀ ਵਲ ਮੇਰਾ ਸਮਾਜਕ ਤੇ ਹਾਰਦਿਕ ਕ੍ਰਿਤਵਯ ਹੈ ਤੇਰੇ ਵਲ ਮੇਰਾ ਪਿਆਰ ਹੈ ਪਰ ਦੀਵਾਨ ਜੀ ਵਲ ਮੇਰਾ ਫਰਜ਼, ਮੈਂ ਪਿਆਰ ਨੂੰ ਫ਼ਰਜ਼ ਖਾਤਰ ਕੁਰਬਾਨ ਕਰ ਸਕਦੀ ਹਾਂ।

ਗੁਬਿੰਦਾ—ਤਾਂ ਕੀ ਪਿਆਰ ਦਾ ਇਤਨੀ ਛੇਤੀ ਅੰਤ ਹੋ ਜਾਏਗਾ ?

ਦੀਪਾਂ—ਜਦ ਮੈਨੂੰ ਅਖਾਂ ਮਿਲ ਜਾਣਗੀਆਂ ਤਾਂ ਮੇਰਾ ਲੂੰ ਲੂੰ ਦੀਵਾਨ ਜੀ ਦਾ ਦੇਣਦਾਰ ਹੋਵੇਗਾ। ਹੁਣ ਵੀ ਹੈ, ਪਰ ਫਿਰ ਤਾਂ ਹਦੋਂ ਪਰੇ ਹੋ ਜਾਏਗੀ। ਉਹ ਹਸਾਣ ਉਤਾਰਣ ਲਈ ਮੈਂ ਜੋ ਦੀਵਾਨ ਜੀ ਲਈ ਕਰਾਂ ਉਹ ਥੋੜਾ ਹੈ, ਮੈਨੂੰ ਜਾਨ ਦੇਣੀ ਪਵੇ, ਉਹ ਵੀ ਥੋੜੀ ਹੈ।

ਗੁਬਿੰਦਾ—ਇਹ ਸੁਣਿਆ ਸੀ ਪੰਜਾਬੀ ਇਸਤਰੀ ਇਕ ਵਾਰੀ ਕਿਸੇ ਨੂੰ ਦਿਲ ਦੇ ਕੇ ਪਿਛੇ ਨਹੀਂ ਹਟਿਆ ਕਰਦੀ, ਪਰ ਇਹੋ ਜਿਹਾ ਸਮਾਂ ਵੀ ਆਵੇਗਾ, ਕਿ ਇਸਤਰੀ ਝੁਕ ਕੇ ਚੱਟ ਜਾਏਗੀ, ਇਹ ਮੇਰੀ ਸੋਚ ਤੋਂ ਬਾਹਰ ਹੈ। ਕੀ ਤੂੰ ਆਪਣੀ ਤੇ ਦੀਵਾਨ ਦੀ ਉਮਰ ਦਾ ਖਿਆਲ ਕੀਤਾ ਹੈ ?

ਦੀਪਾਂ—ਕੁਝ ਵੀ ਹੋਵੇ। ਜਗ ਵਿਚ ਨਿਰੀ ਆਪਣੀ ਖੁਸ਼ੀ ਹੀ ਨਹੀਂ ਚਲ ਸਕਦੀ। ਦੂਜੇ ਦੀ ਖੁਸ਼ੀ ਦਾ ਸਤਿਕਾਰ ਕਰਨਾ ਵੀ ਮਨੁਖੀ ਕ੍ਰਿਤਵਯ ਦਾ ਇਕ ਅੰਗ ਹੈ।

ਗੁਬਿੰਦਾ—(ਖੁਸ਼ ਹੋ ਕੇ) ਤਾਂ ਫਿਰ ਮੇਰੀ ਖੁਸ਼ੀ ਦਾ ਸਤਿਕਾਰ ਕਰ।

Digitized by Panjab Digital Library | www.panjabdigilib.org

ਦੀਪਾਂ—ਨਹੀਂ ਤੇਰੀ ਖੁਸ਼ੀ ਨਾਲੋਂ ਵੀ ਇਕ ਹੋਰ ਦੀ ਖੁਸ਼ੀ ਵਧੇਰੇ ਸਤਿਕਾਰ ਮੰਗਦੀ ਹੈ। ਜੋ ਮਨ ਹੋਰਨਾਂ ਦੇ ਅਰਮਾਨਾਂ ਦਾ ਖਿਆਲ ਨਹੀਂ ਰਖਦੇ, ਉਹ ਨਿਰ ਜਿੰਦ ਹਨ, ਉਹ ਮਨੁਖ ਹੋਣ ਦੇ ਸੁਹਜ ਸਵਾਦ ਨੂੰ ਪ੍ਰਾਪਤ ਨਹੀ ਕਰ ਸਕਦੇ। ਇਸ ਰਸ ਨੂੰ ਠੀਕ ਤਰੀਕੇ ਨਾਲ ਨਹੀਂ ਮਾਣ ਸਕਦੇ।

ਗੁਬਿੰਦਾ—ਤਾਂ ਕੀ ਮੈਂ ਚਲਾ ਜਾਵਾਂ ?

ਦੀਪਾਂ—ਹਾਂ। ਮੈਂ ਹਰ ਗਲ ਦਾ ਫੇਸਲ਼ਾ ਅਖਾਂ ਦਾ ਇਲਾਜ ਹੋਣ ਦੇ ਪਿਛੋਂ ਕਰਾਂਗੀ।

ਗੁਬਿੰਦਾ—ਤਾਂ ਕੀ ਮੈਂ ਬਾਪੂ ਨੂੰ ਤੇ ਮਾਂ ਨੂੰ ਆਖਾਂ, ਕਿ ਦੀਪਾਂ ਨੇ ਆਪਣੇ ਆਪ ਨੂੰ ਵੇਚ ਦਿਤਾ ਹੈ। ਜੰਗਲਾਂ ਵਿਚ ਚੁੰਗਾਂ ਭਰਨ ਵਾਲੀ ਹਰਨੀ ਬਾਗਾਂ ਦੇ ਮੇਵੇ ਖਾ ਕੇ ਸ਼ਹਿਰ ਵਿਚ ਗੁਆਚ ਗਈ ਹੈ, ਮਾਇਕ ਲਿਸ਼ਕ ਪੁਸ਼ਕ ਵਿਚ ਖਚਤ ਹੋ ਕੇ ਆਪਣਾ ਆਪ ਵਿਸਾਰ ਬੈਠੀ ਹੈ।

ਦੀਪਾਂ—ਜੋ ਤੇਰੀ ਮਰਜ਼ੀ ਹੈ ਦੱਸ।

ਗੁਬਿੰਦਾ—ਅੱਛਾ ਮੈਂ ਚਲਣਾ, ਦੀਪਾਂ (ਉਠਦਾ ਹੈ) ਪਰ ਕਦੇ ਲੋੜ ਪਵੇ ਤਾਂ ਇਹ ਨਾ ਭੁਲੀਂ ਕਿ ਗੁਬਿੰਦਾ ਤੇਰੀ ਅੱਖ ਦੇ ਇਕ ਇਸ਼ਾਰੇ ਤੇ ਆਪਣਾ ਆਪ ਨਿਛਾਵਰ ਕਰ ਸਕਦਾ ਹੈ। [ਨਿਕਲ ਜਾਂਦਾ ਹੈ]

ਦੀਪਾਂ—(ਆਪਣੇ ਆਪ ਨਾਲ) ਗਿਆ, ਮੇਰੇ ਅਠਾਂ ਵਰ੍ਹਿਆਂ ਦਾ ਸਾਥੀ ਨਿਰਾਸ ਚਲਾ ਗਿਆ। ਕਈ ਵਾਰੀ ਕ੍ਰਤਵਯ ਦਾ ਪਾਲਣ ਕਰਨ ਵਿਚ ਕਿੰਨੀ ਔਖਆਈ ਹੁੰਦੀ ਹੈ। ਆਪਣੇ ਨਾਲ ਚਿਰਾਂ ਤੋਂ ਪਿਆਰ ਕਰਨ ਵਾਲਿਆਂ ਨੂੰ ਆਪਣੇ ਨਾਲੋਂ ਖਿਚ ਕੇ ਤੋੜ ਦੇਣਾ ਪੈਂਦਾ ਹੈ। ਜਦੋਂ ਅਰਮਾਨਾਂ ਦਾ ਖੂੰਨ ਹੁੰਦਾ ਹੈ, ਤਾਂ ਲਹੂ ਅੰਦਰੋਂ ਅੰਦਰ ਸਿਮਦਾ ਹੈ ਦੇਹੀ ਨੂੰ ਹੌਲੀ ਹੌਲੀ ਖੋਰੀ ਜਾਂਦਾ ਹੈ, ਗਾਲੀ ਜਾਂਦਾ ਹੈ। ਹਸਰਤਾਂ ਤੜਫ ਤੜਫ ਕੇ ਰਹਿ ਜਾਂਦੀਆਂ ਨੇ। ਠੀਕ

Digitized by Panjab Digital Library | www.panjabdigilib.org

ਉਸੇ ਪੰਛੀ ਦੀ ਨਿਆਈਂ ਜੋ ਪਿੰਜਰੇ ਵਿਚ ਪਿਆ ਬਾਹਰ ਨਿਕਲਣਾ ਲੋਚੇ, ਪਰ ਪਿੰਜਰੇ ਦੀਆਂ ਤੀਲਾਂ ਕਾਰਨ ਨਿਕਲ ਨਾ ਸਕੇ ਤੇ ਪਰ ਫੜ ਫੜਾ ਕੇ ਰਹਿ ਜਾਵੇ, ਬੇ ਬਸ ਹੋ ਜਾਵੇ । ਵਾਹ ਮਨੁਖੀ ਦੇਹੀ ਹੈ, ਤੇ ਵਾਹ ਇਸ ਦਾ ਕ੍ਰਤਵੱਯ।

[ਦੀਵਾਨ ਅੰਦਰ ਆਉਂਦਾ ਹੈ]

ਦੀਵਾਨ—ਦੀਪਾਂ

ਦੀਪਾਂ—ਦੀਵਾਨ ਜੀ।

ਦੀਵਾਨ—ਗੋਬਿੰਦਾ ਚਲਾ ਗਿਆ ਹੈ ?

ਦੀਪਾਂ—ਹਾਂ, ਜੀ।

ਦੀਵਾਨ- ਕੀ ਆਖਦਾ ਸੀ ?

ਦੀਪਾਂ--ਕੁਝ ਨਹੀਂ ਦੀਵਾਨ ਜੀ, ਮਾਪਿਆਂ ਦੇ ਆਖੇ ਮੇਰਾ ਹਾਲ ਪੁਛਣ ਆਇਆ ਸੀ।

ਦੀਵਾਨ--ਦੀਪਾਂ, ਇਹ ਜਵਾਨ ਕੀ ਆਖਦਾ ਸੀ ਕਿ ਉਸ ਨੂੰ ਤੇਰੇ ਨਾਲ ਪਿਆਰ ਹੈ ਤੇ ਤੈਨੂੰ ਉਸ ਨਾਲ।

ਦੀਪਾਂ—ਦੀਵਾਨ ਜੀ, ਦੋ ਜੀਅ ਜਿਥੇ ਰੋਜ਼ ਮਿਲਣ, ਆਪਸ ਵਿਚ ਅਪਣਤ ਅਨੁਭਵ ਕਰਨ ਲਗ ਪੈਂਦੇ ਨੇ, ਫਿਰ ਜਦ ਸਦਾ ਕੋਲ ਕੋਲ ਹੀ ਰਹਿਣਾ ਹੋਵੇ ਤਾਂ ਪਿਆਰ ਹੋ ਜਾਂਦਾ ਹੈ।

ਦੀਵਾਨ—ਦੀਪਾਂ ਜਦ ਮੈਂ ਇਹਨਾਂ ਆਪਣੇ ਕਾਰਖਾਨਿਆਂ ਵਲ ਨਜ਼ਰ ਮਾਰਦਾ ਹਾਂ ਤਾਂ ਦਿਲ ਨੂੰ ਕੁਝ ਹੋਣ ਲਗ ਪੈਂਦਾ ਹੈ, ਅਜ ਮੇਰਾ ਕਾਕਾ ਮੇਰੇ ਕੋਲ ਹੁੰਦਾ, ਮੈਨੂੰ ਕਿਸੇ ਗਲ ਦੀ ਪ੍ਰਵਾਹ ਨਾ ਹੁੰਦੀ।

ਦੀਪਾਂ—ਠੀਕ ਹੈ ਦੀਵਾਨ ਜੀ, ਪਰ ਹੋਣੀ ਬਲਵਾਨ ਹੈ; ਪਾਕਿਸਤਾਨ ਨਾ ਬਣਦਾ, ਮੇਰੀ ਮਾਂ ਮੇਰੇ ਕੋਲ ਹੁੰਦੀ, ਮੇਰੀਆਂ ਅਖਾਂ ਨਾ ਜਾਂਦੀਆਂ, ਸ਼ਾਇਦ ਬਾਬਾ ਵੀ ਮੇਰੇ ਕੋਲ ਨਰੋਏ ਹੁੰਦੇ। ਇਹ ਸਭ ਕਿਸਮਤ ਦੇ ਕਾਰੇ ਨੇ, ਕਿਸਮਤ ਮਨੁਖ ਨੂੰ ਕੀ ਕੁਝ ਰੰਗ ਵਿਖਾਂਦੀ ਹੈ, ਕਿਸਮਤ...

Digitized by Panjab Digital Library | www.panjabdigilib.org

ਦੀਵਾਨ—ਕਿਸਮਤ! ਊਂਹ...ਕਿਸਮਤ ਆਦਮੀ ਆਪਣੀ ਆਪ ਬਣਾ ਸਕਦਾ ਹੈ, ਨਿਰਾ ਕਿਸਮਤ ਤੇ ਆਪਣੇ ਆਪ ਨੂੰ ਨਿਰਭਰ ਰਖਣਾ ਕਾਇਰਾਂ ਦਾ ਕੰਮ ਹੈ। ਕਿਸਮਤ ਦੇ ਨਾਲ ਹਿੰਮਤ ਵੀ ਚਾਹੀਦੀ ਹੈ। ਪਰ ਦੀਪਾਂ ਤੂੰ ਮੇਰੇ ਸੁਆਲ ਦਾ ਕੋਈ ਉਤਰ ਨਹੀਂ ਦਿਤਾ।

ਦੀਪਾਂ—ਕੀ ਦੀਵਾਨ ਜੀ?

ਦੀਵਾਨ—ਕੀ ਤੂੰ ਮੇਰੇ ਨਾਲ ਆਪਣੀ ਜ਼ਿੰਦਗੀ ਜੋੜਨ ਨੂੰ ਤਿਆਰ ਹੈਂ?

ਦੀਪਾਂ—ਦੀਵਾਨ ਜੀ, ਇਸ ਗਲ ਦਾ ਫੈਸਲਾ ਤੇ ਮੈਂ ਅਖਾਂ ਦੇ ਇਲਾਜ ਪਿਛੋਂ ਕਰਾਂਗੀ, ਪਰ ਜੇ ਕਰ ਤੁਹਾਡਾ ਹਸਾਣ ਲਾਹੁਣ ਲਈ ਮੇਰਾ ਵਾਲ ਵਾਲ ਵੀ ਵਿਕ ਜਾਵੇ, ਤਾਂ ਥੋੜਾ ਹੈ।

ਦੀਵਾਨ—(ਖੁਸ਼ ਹੋ ਕੇ) ਅਜ ਤੋਂ ਸਾਲ ਪਹਿਲੋਂ ਜਦ ਮੈਂ ਤੇਰਾ ਗਾਉਣਾ ਸੁਣਿਆਂ ਸੀ, ਤਾਂ ਮੈਂ ਸੋਚਦਾ ਸੀ, ਕਿ ਜੇ ਕਰ ਬਾਬਾ ਸੁੰਦਰ ਮੰਨ ਜਾਵੇ ਤਾਂ ਮੈਂ ਉਸਨੂੰ ਆਪਣਾ ਸੁਆਲ ਪੇਸ਼ ਕਰਾਂ।

ਦੀਪਾਂ—ਪਰ ਕਿਸਮਤ ਨੇ ਆਪਣੇ ਆਪ ਹੀ ਉਹ ਢੋ ਬਣਾ ਦਿਤੇ।

ਦੀਵਾਨ—ਹਾਂ। ਉਸ ਦਿਨ ਮੇਰੀ ਮੋਟਰ ਆਪਣੇ ਆਪ ਤੁਹਾਡੇ ਪਤੱਣ ਵਲ ਚਲੀ ਗਈ। ਅਗੇ ਸ਼ਿਕਾਰ ਖੇਡਣ ਕਿਸੇ ਹੋਰ ਪਾਸੇ ਜਾਇਆ ਕਰਦਾ ਸਾਂ।

ਦੀਪਾਂ—(ਮੁਸਕਾ ਕੇ) ਪਰ ਇਹ ਸ਼ਿਕਾਰ ਤੁਹਾਨੂੰ ਮਹਿੰਗਾ ਤੇ ਨਹੀਂ ਪਿਆ।

ਦੀਵਾਨ—ਇਹ ਸ਼ਿਕਾਰ ਤੇ ਸ਼ਾਇਦ ਮੇਰੀ ਤਕਦੀਰ ਪਲਟ ਦੇਵੇ, ਮੈਨੂੰ ਫਿਰ ਹਸੱਣ ਦਾ ਮੌਕਿਆ ਮਿਲ ਜਾਵੇ, ਮੈਂ ਦੁਨੀਆਂ ਵਿਚ ਸ਼ਾਇਦ ਫਿਰ ਚੰਗੇਰਾ ਜੀਵਨ ਗੁਜ਼ਾਰ ਸਕਾਂ।

ਦੀਪਾਂ—ਠੀਕ ਹੈ, ਦੀਵਾਨ ਜੀ।

ਦੀਵਾਨ—ਮੈਨੂੰ ਅਫਸੋਸ ਹੈ, ਮੈਂ ਬਾਬਾ ਸੁੰਦਰ ਨਾਲ ਇਹ ਸਾਰੀ ਗਲ ਨਾ ਕਰ ਸਕਿਆ।

ਦੀਪਾਂ—ਹਾਂ ਬਾਬੇ ਨੂੰ ਤੁਹਾਡੀ ਇਸ ਹਾਲਤ ਦਾ ਪਤਾ ਨਹੀਂ ਸੀ।

Digitized by Panjab Digital Library | www.panjabdigilib.org

ਦੀਵਾਨ–ਪਤਾ ਹੁੰਦਾ ਤਾਂ ਫਿਰ ਕੀ ਹੁੰਦਾ। ਬਾਬਾ ਜੇ ਕਰ ਉਸ ਦਿਨ ਰਾਜ਼ੀ ਹੁੰਦੇ ਤਾਂ ਮੈਂ ਇਸ ਬਾਰੇ ਉਸ ਨਾਲ ਗਲ ਕਰਨੀ ਸੀ।

ਦੀਪਾਂ–[ਗਲ ਦਾ ਵਿਸ਼ਾ ਬਦਲਦੇ ਹੋਏ] ਦੀਵਾਨ ਜੀ, ਮੇਰੀਆਂ ਅਖਾਂ ਦਾ ਇਲਾਜ ਹੋ ਸਕੇਗਾ ?

ਦੀਵਾਨ–ਕਿਉਂ ਨਹੀਂ, ਦੀਪਾਂ। ਡਾਕਟਰ ਰਾਏ ਦਾ ਤਾਂ ਇਹ ਹੀ ਖਿਆਲ ਹੈ। ਫਿਰ ਵੀ ਹੋਰ ਡਾਕਟਰਾਂ ਦੀ ਵੀ ਸਲਾਹ ਲੈ ਲਵਾਂਗੇ। ਮੈਂ ਪੂਰੀ ਕੋਸ਼ਸ਼ ਕਰਾਂਗਾ, ਜੋ ਤੈਨੂੰ ਨੈਣਾਂ ਦੀ ਜੋਤ ਫਿਰ ਮਿਲ ਜਾਵੇ ਤੇ ਇਸ ਲਈ ਮੈਂ ਕੋਈ ਉਪਰਾਲਾ ਵਿਅਰਥਾ ਨਹੀਂ ਜਾਣ ਦਿਆਂਗਾ।

ਦੀਪਾਂ–ਤੁਹਾਡੀ ਅਪਾਰ ਕ੍ਰਿਪਾ ਹੈ ਦੀਵਾਨ ਜੀ।

ਦੀਵਾਨ–ਮੈਨੂੰ ਪਤਾ ਨਹੀਂ ਸੀ, ਇਕ ਗੰਵਾਰ ਲੜਕੀ ਦੇ ਭੇਸ ਵਿਚ ਦੁਰਲਭ ਦੇਵਤਾ ਸਵਾਸ ਲੈ ਰਿਹਾ ਹੈ। ਬਾਬਾ ਵੀ ਅਤਿ ਭਲਾ ਮਾਣਸ ਤੇ ਇਕ ਅਰਸ਼ੀ ਜੀਊੜਾ ਸੀ। ਸੁਭਾ ਦਾ ਅਤਿ ਮਿੱਠਾ ਤੇ ਨਰਮ ਸੀ।

ਦੀਪਾਂ–ਇਹ ਆਪ ਦੀ ਅਪਾਰ ਕ੍ਰਿਪਾ ਹੈ ਦੀਵਾਨ ਜੀ।

ਦੀਵਾਨ–ਮੈਂ ਜੋ ਕੋਈ ਗਲ ਆਖੀ, ਤੁਸਾਂ ਦੋਹਾਂ ਪਿਉ ਧੀ ਨੇ ਉਸ ਤੇ ਫੁਲ ਚਾਹੜੇ। ਤੈਨੂੰ ਜੋ ਕੁਝ ਵੀ ਆਖਣਾ ਤੂੰ ਹਾਂ ਕਰ ਦੇਂਦੀ ਹੈਂ ਜਿਵੇਂ ਤੇਰੀ ਅਪਣੀ ਚੋਣ ਜਾਂ ਸਲ੍ਹਾਹ ਕੁਝ ਨਹੀਂ ਹੁੰਦੀ।

ਦੀਪਾਂ–ਦੀਵਾਨ ਜੀ, ਮੈਂ ਪਰ ਅਧੀਨ ਹਾਂ, ਪਰ ਅਧੀਨਤਾ ਮਨੁਖ ਦੀ ਚੋਣ ਸ਼ਕਤੀ, ਅੰਤਿਹ ਕਰਣ ਤੇ ਸਭ ਸਿਫਤਾਂ ਹਰ ਲੈਂਦੀ ਹੈ। ਪਰ ਅਧੀਨ ਮਨੁਖ ਸਰਮਾਏਦਾਰ ਜਾਂ ਬਖ਼ਤਾਵਰ ਦੇ ਤਰਸ ਤੇ ਹੁੰਦਾ ਹੈ। ਜੇ ਕਰ ਪਰ ਅਧੀਨ ਚਾਹੁੰਦਾ ਹੈ, ਕਿ ਉਹ ਆਪਣੇ ਦਿਨ ਸੁਖੀ ਤੇ ਸ਼ਾਂਤੀ ਪੂਰਵਕ ਕਟੇ ਤਾਂ ਉਸਨੂੰ ਅਪਣੇ ਮਾਲਕ ਜਾਂ ਜਿਸ ਤੇ ਨਿਰਭਰ ਹੋ ਕੇ ਆਪਣੇ ਦਿਨ ਕੱਟ ਰਿਹਾ ਹੈ, ਦੀ ਹਾਂ ਵਿਚ ਹਾਂ ਮਿਲਾਣੀ ਪਵੇਗੀ, ਭਾਵੇਂ ਉਹਦਾ ਹਾਂ ਕਰਨਾ ਜਾਇਜ਼ ਹੋਵੇ ਭਾਵੇਂ ਨਾ-ਜਾਇਜ਼।

Digitized by Panjab Digital Library | www.panjabdigilib.org

ਦੀਵਾਨ—ਪਰ, ਦੀਪਾਂ, ਕੀ ਤੂੰ ਮੈਨੂੰ ਸਰਮਾਏਦਾਰ ਜਾਂ ਬਖ਼ਤਾਵਰ ਦੇ ਰੂਪ ਵਿਚ ਵੇਖਦੀ ਹੈਂ। ਤੇਰਾ ਇਸ ਦਰਿਸ਼ਟੀ ਕੋਣ ਨਾਲ ਗਲ ਕਰਨਾ ਨਿਸੰਦੇਹ ਮੇਰੇ ਮਨ ਤੇ ਕਾਤੀ ਬਣ ਕੇ ਚਲ ਰਿਹਾ ਹੈ, ਕੀ ਤੂੰ ਮੈਨੂੰ ਜਜ਼ਬਾਤ ਹੀਣ ਸਮਝਦੀ ਹੈਂ ?

ਦੀਪਾਂ—ਨਹੀਂ ਦੀਵਾਨ ਜੀ, ਤੁਹਾਡੇ ਲਈ ਮੈਂ ਇਹ ਗਲ੍ਹਾਂ ਨਹੀਂ ਆਖੀਆਂ; ਤੁਸੀਂ ਤਾਂ ਦੇਵਤਾ ਹੋ, ਦੇਵਤਾ, ਤਰਸਵਾਨ, ਨੇਕ ਤੇ ਦੂਜੇ ਦੇ ਦੁਖ ਸੁਖ, ਦੂਜੇ ਦੇ ਅਰਮਾਨਾਂ ਦਾ ਪੂਰਾ ਖਿਆਲ ਰਖਣ ਵਾਲੇ ਹੋ। ਮੇਰੇ ਬਾਬਾ ਵੀ ਤੁਹਾਡੇ ਬਾਰੇ ਇੰਞ ਹੀ ਆਖਿਆ ਕਰਦੇ ਸਨ।

[ਮੁਸਕਾਣ ਦੀ ਬੇ ਅਰਥ ਕੋਸ਼ਸ਼ ਕਰਦੀ ਹੈ]

ਦੀਵਾਨ—ਫਿਰ ਤੈਨੂੰ ਇਹ ਗਲਾਂ ਮੇਰੇ ਨਾਲ ਨਹੀਂ ਸਨ ਕਰਨੀਆਂ ਚਾਹੀਦੀਆਂ।

ਦੀਪਾਂ—ਮੇਰੀ ਭੁਲ ਹੈ, ਪਰ ਮੈਂ ਇਹ ਗਲਾਂ ਸਹਿਜ-ਸੁਭਾ ਹੀ ਕਰ ਦਿਤੀਆਂ ਨੇ। ਪਰ ਕੀ ਇਹ ਸੱਚ ਨਹੀਂ ਕਿ ਸਰਮਾਏਦਾਰ ਤੇ ਬਖ਼ਤਾਵਰ, ਬਖ਼ਤ-ਹੀਣ ਤੇ ਪਰ ਅਧੀਨ ਦੀ ਕਮਜ਼ੋਰੀ ਦਾ ਨਾਜਾਇਜ਼ ਲਾਭ ਉਠਾਣਾ ਚਾਹੁੰਦੇ ਨੇਂ ?

ਦੀਵਾਨ—ਹਾਂ ਹੈ ਤੇ ਇਹ ਸਚ, ਪਰ ਇਹ ਗਲ ਹਰ ਅਮੀਰ ਆਦਮੀ ਲਈ ਨਹੀਂ ਘਟਦੀ।

ਦੀਪਾਂ—ਕਈ ਆਪ ਵਰਗੇ ਅਮੀਰ ਬਹੁਤ ਚੰਗੇ ਨੇ, ਆਮ ਅਮੀਰ ਆਦਮੀਂ ਦੀ ਪੱਧਰ ਤੋਂ ਉੱਚੇ।

ਦੀਵਾਨ—ਦੀਪਾਂ ਤੇਰੀ ਸੋਚ ਉਡਾਰੀ ਬੜੀ ਉੱਚੀ ਹੈ। ਤੀਖਣ ਬੁੱਧੀ ਨਾਲ ਹਰ ਗਲ ਬੜੀ ਦੂਰ ਦਰਿਸ਼ਟੀ ਨਾਲ ਸੋਚਦੀਂ ਹੈਂ।

ਦੀਪਾਂ—ਦੀਵਾਨ ਜੀ ਮੈਂ ਪਰ ਅਧੀਨ ਹਾਂ ਤੇ ਪਰ ਅਧੀਨ ਸੁਪਣੇ ਸੁਖ ਨਾਹੀਂ।

ਦੀਵਾਨ—ਕੀ ਤੂੰ ਵੀ ਅਪਣੇ ਆਪ ਨੂੰ ਪਰ ਅਧੀਨ ਸਮਝਦੀ ਹੈਂ, ਤੂੰ ਤਾਂ ਇਸ ਘਰ ਦੀ ਮਾਲਕ ਹੈਂ।

Digitized by Panjab Digital Library | www.panjabdigilib.org

ਦੀਪਾਂ—ਮੈਂ ! ਮਾਲਕ !! ਦੀਵਾਨ ਸਾਹਿਬ ਜੇ ਈਸ਼ਵਰ ਨੂੰ ਮਨਜ਼ੂਰ ਹੋਇਆ ਤਾਂ ਮਾਲਕੀ ਦਾ ਫੈਸਲਾ ਤਾਂ ਮੈਨੂੰ ਅਖਾਂ ਦੀ ਜੋਤ ਮਿਲਣ ਤੇ ਹੋਵੇਗਾ।

ਦੀਵਾਨ—ਕੀ ਤੈਨੂੰ ਇਸ ਗਲ ਬਾਰੇ ਸ਼ਕ ਹੈ ?

[ਉਸ ਵਲ ਸ਼ੱਕ ਭਰੀ ਨਜ਼ਰ ਨਾਲ ਵੇਖਦਾ ਹੈ]

ਦੀਪਾਂ—ਨਹੀਂ, ਦੀਵਾਨ ਸਾਹਿਬ, ਸ਼ਕ ਕਿਸ ਗਲ ਦਾ, ਪਰ ਮੈਂ ਹਾਲੀ ਜੋਤ ਹੀਨ ਹੋਣ ਦੀ ਹਾਲਤ ਵਿਚ ਕੀ ਫੈਸਲਾ ਕਰ ਸਕਦੀ ਆਂ।

ਦੀਵਾਨ—ਦੀਪਾਂ ਕੀ ਤੂੰ ਕੋਈ ਵਿਦਿਆ ਵੀ ਲਈ ਹੈ ?

ਦੀਪਾਂ—ਦੀਵਾਨ ਸਾਹਿਬ, ਮੈਂ ਪਾਕਿਸਤਾਨ ਬਣਨ ਤੋਂ ਪਹਿਲਾਂ ਨੌਂਵੀ ਜਮਾਤ ਵਿਚ ਪੜ੍ਹਦੀ ਸਾਂ।

ਦੀਵਾਨ—(ਖੁਸ਼ ਹੋ ਕੇ) ਖ਼ੂਬ ! ਦੀਪਾਂ ਸਾਰੀਆਂ ਗਲਾਂ ਮੇਰੀ ਆਸ ਅਨਕੂਲ ਨਿਕਲ ਰਹੀਆਂ ਹਨ।

[ਨੌਕਰ ਅੰਦਰ ਆਉਂਦਾ ਹੈ]

ਨੌਕਰ—ਸਰਕਾਰ ਚਾਹ ਮੇਜ਼ ਤੇ ਰੱਖ ਦਿਤੀ ਗਈ ਹੈ।

ਦੀਵਾਨ—ਅੱਛਾ। (ਨੌਕਰ ਚਲਾ ਜਾਂਦਾ ਹੈ) ਦੀਪਾਂ ਆ ਚਲੀਏ।

ਦੀਪਾਂ—ਚਲੋ, ਦੀਵਾਨ ਸਾਹਿਬ।

[ਦੀਵਾਨ ਉਤਾਂਹ ਉਠਕੇ ਦੀਪਾਂ ਦਾ ਹਥ ਫੜ ਲੈਂਦਾ ਹੈ ਤੇ ਬੂਹੇ ਵਲ ਵਧਦੇ ਹਨ]

ਦੀਵਾਨ—ਦੀਪਾਂ, ਈਸ਼ਵਰ ਤੇ ਡੋਰੀ ਸੁਟ ਦੇ, ਉਹ ਸਭ ਭਲੀ ਕਰੇਗਾ।

[ਨਿਕਲ ਜਾਂਦੇ ਹਨ]

ਪਰਦਾ

Digitized by Panjab Digital Library | www.panjabdigilib.org

# ਐਕਟ ਤੀਜਾ

## (ਝਾਕੀ ਪਹਿਲੀ)

[ਡਾਕਟਰ ਰਾਏ ਦੇ ਹਸਪਤਾਲ ਦਾ ਇਕ ਕਮਰਾ, ਜਿਸ ਵਿਚ ਇਕ ਲੋਹੇ ਦਾ ਪਲੰਘ ਹੈ, ਜਿਸ ਤੇ ਬਿਸਤਰਾ ਹੋਇਆ ਹੋਇਆ ਹੈ। ਕੋਲ ਹੀ ਇਕ ਡੋਲੀ ਹੈ, ਜਿਸਦਾ ਜਾਲੀ ਦਾ ਦਰਵਾਜ਼ਾ ਹੈ। ਡੋਲੀ ਅੰਦਰ ਕੁਝ ਚੀਜ਼ਾਂ ਪਈਆਂ ਹੇਣ। ਡੋਲੀ ਦੇ ਉਤੇ ਵੀ ਕੁਝ ਚੀਜ਼ਾਂ ਹੇਣ। ਇਕ ਕੁਰਸੀ ਤੇ ਇਕ ਸਟੂਲ ਤੋਂ ਛੁਟ ਕਮਰੇ ਵਿਚ ਹੋਰ ਕੁਝ ਨਹੀਂ। ਕਮਰੇ ਦੇ ਦੋ ਬੂਹੇ ਹਨ, ਜੋ ਦੋਂਹ ਪਾਸੀਂ ਬਰਾਂਡਿਆਂ ਵਿਚ ਖੁਲ੍ਹਦੇ ਹਨ।

ਵਕਤ ਸਵੇਰ ਦੇ ਸਤ ਵਜੇ ਦਾ; ਪਰਦਾ ਉਠਣ ਸਮੇਂ ਕਮਰਾ ਕੁਝ ਛਿੰਨ ਲਈ ਖਾਲੀ ਰਹੇ, ਫਿਰ ਇਕ ਬਰਾਂਡੇ ਦਾ ਬੂਹਾ ਖਲ੍ਹਦਾ ਹੈ ਤੇ ਦੀਪਾਂ ਦੀਵਾਨ ਸਾਹਿਬ ਦਾ ਹਥ ਫੜੀ ਅੰਦਰ ਆਉਂਦੀ ਹੈ]।

ਦੀਪਾਂ—(ਪਲੰਘ ਤੇ ਬੈਠਦੀ ਹੋਈ) ਦੀਵਾਨ ਸਾਹਿਬ ਅਜ ਤੇ ਸੈਰ ਕਰਕੇ ਮੈਂ ਥਕ ਗਈ ਹਾਂ।

ਦੀਵਾਨ—ਕਿਉਂ ਨਹੀਂ ਅਜ ਜ਼ਰਾ ਅਸੀਂ ਦੂਰ ਚਲੇ ਗਏ ਸਾਂ [ਕੁਰਸੀ ਤੇ ਬੈਠ ਜਾਂਦਾ ਹੈ]।

ਦੀਪਾਂ—ਦੀਵਾਨ ਸਾਹਿਬ ਸਵੇਰ ਦੀ ਸੈਰ ਕਿੰਨਾ ਸੁਆਦ ਦੇਂਦੀ ਹੈ। ਪੰਛੀਆਂ ਦੇ ਅਮ੍ਰਿਤ ਵੇਲੇ ਦੇ ਗੀਤ ਬਾਗ਼ ਦੇ ਸਾਰੇ ਦ੍ਰਿਸ਼ ਨੂੰ ਕਿੰਨਾ ਮਨੋਰੰਜਕ ਬਣਾ ਦੇਂਦੇ ਨੇਂ।

Digitized by Panjab Digital Library | www.panjabdigilib.org

ਦੀਵਾਨ—ਕਿਉਂ ਨਹੀਂ, ਕਿਉਂ ਨਹੀਂ।

ਦੀਪਾਂ—ਅਜ ਮੇਰੀ ਪਟੀ ਖੁਲ ਜਾਏਗੀ, ਫਿਰ ਮੈਂ ਸਾਰਾ ਦ੍ਰਿਸ਼, ਸਾਰੇ ਪੰਛੀ, ਆਪਣੀਆਂ ਅਖਾਂ ਨਾਲ ਵੇਖਾਂਗੀ। ਮੈਂ ਦੀਵਾਨ ਸਾਹਿਬ ਤੁਹਾਨੂੰ ਵੇਖਾਂਗੀ, ਜਿੰਨ੍ਹਾ ਨੇ ਮੈਨੂੰ ਜੀਵਨ ਭਰ ਦੀ ਖੁਸ਼ੀ ਫਿਰ ਮੋੜ ਕੇ ਦਿਤੀ ਦੀਵਾਨ ਸਾਹਿਬ ਤੁਸੀਂ ਮੇਰੀ ਬੜੀ ਮਦਦ ਕੀਤੀ ਹੈ, ਇਲਾਜ ਕਰਵਾਇਆ ਹੈ। ਫਿਰ ਡਾਕਟਰ ਦੀ ਹਦਾਇਤ ਮੁਤਾਬਿਕ ਮੈਨੂੰ ਰੋਜ਼ ਸੈਰ ਕਰਵਾਉਣ ਲੈ ਜਾਂਦੇ ਰਹੇ ਹੋ, ਮੈਂ ਤੁਹਾਡੀ ਦਿਲੀ ਕ੍ਰਿਤਿਗਯ ਹਾਂ।

ਦੀਵਾਨ—ਤੇ ਮੈਂ ਕ੍ਰਿਤਿਗਯ ਹਾਂ, ਡਾਕਟਰ ਰਾਏ ਦਾ ਜਿਨ੍ਹਾ ਦਾ ਉਪਰੇਸ਼ਨ ਕਾਮਯਾਬ ਰਿਹਾ ਤੇ ਜਿਸ ਕਰਕੇ ਤੈਨੂੰ ਫਿਰ ਅਖਾਂ ਮਿਲ ਜਾਣ ਗੀਆਂ। ਪਰ ਦੀਪਾਂ ਅਖਾਂ ਲੈ ਕੇ ਉਹਨਾਂ ਦੀ ਠੀਕ ਵਰਤੋਂ ਕਰੇਂਗੀ।

ਦੀਪਾਂ—ਕਿਊਂ ਨਹੀਂ ਦੀਵਾਨ ਸਾਹਿਬ, ਜੋ ਸਿਖਾਉਗੇ, ਸਿਖਾਂਗੀ ; ਜੋ ਅਖੋਗੇ ਕਰਾਂਗੀ।

ਦੀਵਾਨ—ਮੈਨੂੰ ਤੇਰੇ ਕੋਲੋਂ ਇਹ ਹੀ ਆਸ ਹੈ।

ਦੀਪਾਂ—ਸਵੇਰ ਦੀ ਮਿਠੀ ਪਉਣ ਕਿਵੇਂ ਰੁਮਕ ਰੁਮਕ ਕੇ ਚਲਦੀ ਹੈ ਸੁਤਾ ਹੋਇਆ ਮਨ ਸੁਤੇ ਸਿਧ ਹੀ ਜਾਗ ਉਠਦਾ ਹੈ।

ਦੀਵਾਨ—ਸੈਰ ਨੇ ਤੇਰੀ ਸਿਹਤ ਤੇ ਬੜਾ ਚੰਗਾ ਪ੍ਰਭਾਵ ਪਾਇਆ ਹੈ।

ਦੀਪਾਂ—ਹਰ ਪਾਸੇ ਫੁਲਾਂ ਦੀ ਸੁਗੰਧੀ ਖਿਲਰੀ ਪਈ ਹੁੰਦੀ ਹੈ। ਜਦ ਦਿਨ ਚੜ੍ਹ ਦਾ ਹੈ ਤਾਂ ਸਾਰੇ ਫੁਲ ਖਿੜ ਕੇ ਦ੍ਰਿਸ਼ ਬੜਾ ਲੁਭਾਇਮਾਨ ਬਣਾ ਦੇਂਦੇ ਨੇ। ਹਰ ਪਾਸੇ ਅਖਾਂ ਨੂੰ ਹਰੀਆਵਲ ਤੇ ਸੋਹਣੇ ਫੁਲ ਨਜ਼ਰ ਪੈਂਦੇ ਨੇ।

ਦੀਵਾਨ—ਪਰ ਜਿਥੇ ਸੋਹਣੇ ਫੁਲ ਨਜ਼ਰੀ ਪੈਂਦੇ ਨੇ, ਉਥੇ ਉਹਨਾਂ ਨੂੰ ਤੋੜਨ ਵਾਲੇ ਵੀ ਹੁੰਦੇ ਨੇਂ।

Digitized by Panjab Digital Library | www.panjabdigilib.org

ਦੀਪਾਂ—ਫੁਲਾਂ ਨੂੰ ਤੋੜਨ ਵਾਲੇ ਜ਼ਰੂਰ ਨਿਰਦਈ ਹੁੰਦੇ ਹੋਣਗੇ।

ਦੀਵਾਨ—ਕਿਉਂ ਨਹੀਂ, ਜੋ ਫੁਲਾਂ ਨੂੰ ਸੁੰਘਣ ਤੇ ਵੇਖਣ ਵਿਚ ਆਨੰਦ ਆਉਂਦਾ ਹੈ, ਉਹ ਤੋੜ ਕੇ ਝੋਲੇ ਵਿਚ ਪਾਉਣ ਦਾ ਸਵਾਦਿ ਨਹੀਂ।

ਦੀਪਾਂ—ਦੁਨੀਆਂ ਹਰ ਸੁਹੱਪਣ ਨੂੰ ਅਪਣੇ ਲਈ ਸਾਂਭ ਲੈਣਾ ਚਾਹੁੰਦੀ ਹੈ।

ਦੀਵਾਨ—ਇਹ ਮੂਰਖਤਾ ਹੈ, ਸੁਹੱਪਣ ਨੂੰ ਮਾਨਣ ਦਾ ਹਰੇਕ ਦਾ ਹੱਕ ਹੈ।

ਦੀਪਾਂ—ਮੂਰਖਤਾ ਜਹੀ ਮੂਰਖਤਾ। ਜਿਹੜਾ ਸੁਹੱਪਣ ਨੂੰ ਸਾਂਭਣ ਦੇ ਯੋਗ ਹੋਵੇ, ਉਹ ਤਾਂ ਸਾਂਭ, ਦੂਜਾ ਕਿਉਂ ਇਸ ਗਲ ਦੀ ਚੇਸ਼ਟਾ ਕਰੇ ਫਿਰ ਲੈਣ ਵਾਲੇ ਨੂੰ ਕੁਝ ਦੇਣਾ ਵੀ ਪੈਂਦਾ ਹੈ। ਜੇ ਕਰ ਆਪ ਮਨ ਪਸੰਦ ਦੀ ਵਸਤੂ ਲਈਏ ਤਾਂ ਦੂਜੇ ਨੂੰ ਮਨ ਪਸੰਦ ਦੀ ਵਸਤੂ ਦੇਣੀ ਪੈਂਦੀ ਹੈ, ਉਹ ਵਸਤੂ ਸੁਹੱਪਣ ਹੋਵੇ ਜਾਂ ਕੁਝ ਹੋਰ। ਦੀਵਾਨ ਸਾਹਿਬ ਨਰਸ ਆਈ ਨਹੀਂ ?

ਦੀਵਾਨ—ਆ ਜਾਂਦੀ ਹੈ, ਉਸਨੂੰ ਸੁਨੇਹਾ ਤੇ ਆਉਣ ਲਈ ਮੈਂ ਦੇ ਕੇ ਆਇਆ ਸਾਂ।

[ਨਰਸ ਅੰਦਰ ਆਉਂਦੀ ਹੈ]

ਨਰਸ—ਜੈ ਹਿੰਦ ਦੀਵਾਨ ਸਾਹਿਬ ! ਕੀ ਹੁਕਮ ਹੈ ?

ਦੀਵਾਨ—ਨਰਸ ਦੀਪਾਂ ਨੂੰ ਪਟੀ ਹੇਠ ਕੁਛ ਖਾਰਸ਼ ਜਹੀ ਹੋ ਰਹੀ ਹੈ, ਇਸਦਾ ਕੀ ਕਾਰਨ ਹੋ ਸਕਦਾ ਹੈ।

ਨਰਸ—ਮਰੀਜ਼ ਨੂੰ ਹਨੇਰੇ ਕਮਰੇ ਵਿਚ ਲਿਜਾ ਕੇ ਵੇਖਣਾ ਪਏਗਾ।

ਦੀਪਾਂ—ਤਾਂ ਮੈਂ ਜਾਣ ਨੂੰ ਤਿਆਰ ਹਾਂ। [ਉਠਦੀ ਹੈ]

ਨਰਸ—ਚਲੋ ! [ਨਰਸ ਦੀਪਾਂ ਦਾ ਹਥ ਫੜ ਕੇ ਕਮਰੇ ਵਿਚੋਂ ਨਿਕਲ ਜਾਂਦੀ ਹੈ]

ਦੀਵਾਨ—(ਹੌਕਾ ਲੈ ਕੇ) ਚਲੀ ਗਈ। ਮੇਰੇ ਦਿਲ ਦੀ ਸ਼ਾਂਤੀ। ਅਜ ਮੈਂ ਕਿੰਨਾਂ ਕਿਸਮਤ ਵਾਲਾ ਹੋਵਾਂਗਾ, ਜਦ ਦੀਪਾਂ ਦੀ ਪਟੀ ਖੁਲ੍ਹੇਗੀ ਤੇ ਇਸਦੀਆਂ ਅਖਾਂ ਠੀਕ ਹੋ ਜਾਣਗੀਆਂ। ਫਿਰ ਦੀਪਾਂ ਵੀ ਸਾਡੇ

Digitized by Panjab Digital Library | www.panjabdigilib.org

ਵਾਂਗ ਵੇਖੇਗੀ। ਇਸ ਤੇ ਚੰਗੀ ਖੁਰਾਕ ਤੇ ਚੰਗੇ ਰਹਿਣ ਸਹਿਣ ਦਾ ਕਿੰਨਾ ਪ੍ਰਭਾਵ ਪਿਆ ਹੈ। ਭੁਖ ਤੇ ਫਿਕਰਾਂ ਦੀ ਮਾਰੀ ਹੋਈ ਦੀਪਾਂ ਹੁਣ ਤੇ ਕੁਝ ਹੋਰ ਦੀ ਹੋਰ ਹੀ ਨਿਕਲ ਆਈ ਹੈ। ਹੁਣ ਤੇ ਇਹ ਮੇਰੇ ਮਨ ਦਾ ਦੀਪ ਹੈ।

ਸਮਾਂ ਬੀਤ ਗਿਆ ਜੋ ਦੁਨੀਆਂ ਦੇ ਗਵਾਚ ਜਾਣ ਨਾਲ ਤੇ ਕਿਸ਼ਨ ਦਈ ਤੇ ਮਨੋਰਮਾਂ ਦੇ ਕਾਲਵਾਸ ਹੋਣ ਨਾਲ ਹਨੇਰ ਹੋ ਗਈ ਸੀ ਅਜ ਇਸ ਦੀਪ ਦੇ ਨਾਲ ਪ੍ਰਕਾਸ਼ ਮਈ ਹੋ ਜਾਵੇਗੀ। ਹਨੇਰਾ ਦੂਰ ਹੋ ਜਾਏਗਾ।

[ਨਰਸ ਤੇ ਦੀਪਾਂ ਅੰਦਰ ਆਉਂਦੇ ਹਨ ਤੇ ਦੀਪਾਂ ਪਲੰਘ ਤੇ ਫਿਰ ਬੈਠ ਜਾਂਦੀ ਹੈ]।

ਦੀਵਾਨ–ਨਰਸ ਕੀ ਗਲ ਸੀ ?

ਨਰਸ–ਕੋਈ ਗਲ ਨਹੀਂ ਸੀ ਦੀਵਾਨ ਜੀ। ਐਂਵੇਂ ਪੱਟੀ ਜ਼ਰਾ ਘੁਟ ਕੇ ਬਝੀ ਹੋਈ ਸੀ।

ਦੀਵਾਨ–ਧਨ ਵਾਦਿ ਨਰਸ।

[ਨਰਸ ਬਾਹਰ ਨਿਕਲ ਜਾਂਦੀ ਹੈ] ਅੱਛਾ ਦੀਪਾਂ, ਮੈਂ ਜਾਵਾਂ ਮੈਂ ਪਟੀ ਖੁਲ੍ਹਣ ਵੇਲੇ ਫਿਰ ਆਂਵਾਂਗਾ।

ਦੀਪਾਂ–ਚੰਗਾ ਦੀਵਾਨ ਸਾਹਿਬ, ਪਰ ਆਇਆ ਜੇ ਜ਼ਰੂਰ। ਮੈਂ ਅਖਾਂ ਮਿਲਣ ਵੇਲੇ ਸਭ ਤੋਂ ਪਹਿਲਾਂ ਅਪਣੇ ਅਖਾਂ ਦੇਣ ਵਾਲੇ ਨੂੰ ਵੇਖਣਾ ਚਾਹੁੰਦੀ ਹਾਂ।

ਦੀਵਾਨ–ਓਹ ਦੀਪਾਂ ! ਇਨਾਂ ਮਾਨ।

ਦੀਪਾਂ–ਕਿਉਂ ਨਹੀਂ ਦੀਵਾਨ ਸਾਹਿਬ, ਆਖਰ ਤੁਹਾਡਾ ਹਸਾਨ ਮੈਂ ਸਾਰੀ ਉਮਰ ਭੁਲ ਨਹੀਂ ਸਕਦੀ।

ਦੀਵਾਨ–ਪਰ ਦੀਪਾਂ ਕੀ ਤੂੰ ਆਪਣੇ ਮਨ ਨਾਲ ਫੈਸਲਾ ਕਰ ਲਿਆ ਹੈ ?

ਦੀਪਾਂ–ਅਖਾਂ ਮਿਲਣ ਦੇ ਪਿਛੋਂ ਫੈਸਲਾ ਹੋ ਜਾਵੇਗਾ ਦੀਵਾਨ ਸਾਹਿਬ।

Digitized by Panjab Digital Library | www.panjabdigilib.org

ਦੀਵਾਨ--ਪਰ ਤੈਨੂੰ ਆਪਣੇ ਬਾਬਾ ਦੀ ਗਲ ਯਾਦ ਹੈ ਨਾ, ਕਿ ਮੇਰੇ ਆਖੇ ਲਗਣਾ ਹੈ, ਜਿਵੇਂ ਮੈਂ ਆਖਾਂ ਉਸੇ ਤਰ੍ਹਾਂ ਹੀ ਕਰਨਾ ਹੈ।

ਦੀਪਾਂ–ਕਿਉਂ ਨਹੀਂ, ਦੀਵਾਨ ਸਾਹਿਬ।

ਦੀਵਾਨ–ਅੱਛਾ ਮੈਂ ਚਲਦਾ ਹਾਂ, ਮੈਂ ਫਿਰ ਆਵਾਂਗਾ। [ਉਠਕੇ ਬਾਹਰ ਨਿਕਲ ਜਾਂਦਾ ਹੈ]

ਦੀਪਾਂ–(ਆਪਣੇ ਆਪ ਨਾਲ) ਫੈਸਲਾ ਮੈਂ ਕੀ ਕਰਨਾ ਹੈ। ਮੇਰੀ ਜਾਨ ਕੁੜਕੀ ਵਿਚ ਫਸ ਗਈ ਹੈ। ਇਕ ਪਾਸੇ ਗੁਬਿੰਦਾ ਹੈ, ਸਿਧਾ ਸਾਦਾ ਮਲਾਹ, ਜਿਸ ਦੇ ਨਾਲ ਮੇਰਾ ਪਿਆਰ ਪੂਰੇ ਸਤ ਸਾਲ ਚਲਦਾ ਰਿਹਾ। ਉਹ ਮਾਮੂਲੀ ਪੜ੍ਹਿਆ ਹੋਇਆ ਅਨਪੜ੍ਹ ਗਰੀਬ, ਪਰ ਭਲਾ ਮਾਣਸ। ਦੁਨੀਆਂ ਦੇ ਵਲ ਫਰੇਬਾਂ ਤੋਂ ਅਣਜਾਣੂੰ। ਦੂਜੇ ਪਾਸੇ ਦੀਵਾਨ ਸਾਹਿਬ ਹੈ, ਅਮੀਰ, ਸ਼ਹਿਰੀ ਜੀਵਨ ਵਾਲਾ।

ਇਕ ਪਾਸੇ ਅਮੀਰੀ ਹੈ, ਦੂਜੇ ਪਾਸੇ ਭੁਖ ਹੈ। ਇਕ ਪਾਸੇ ਜਵਾਨੀ ਹੈ, ਦੂਜੇ ਪਾਸੇ ਅਧ ਖੜ ਉਮਰ। ਇਕ ਪਾਸੇ ਸਵੱਛ ਤੇ ਪਵਿੱਤ੍ਰ ਹਿਰਦਾ, ਜੰਗਲੀ ਫੁਲਾਂ ਤੇ ਮਿਠੀ ਪਵਣ ਵਾਂਗ। ਪਰ ਦੂਜੇ ਪਾਸੇ ਹੈ ਜਮਾਨੇ ਸਾਜ਼, ਹਡਿਆਂ ਵਰਤਿਆ ਹਿਰਦਾ। ਇਕ ਪਾਸੇ ਨਿਰਛਲ, ਨਿਰਕਪਟ ਦੇਵਤਾ ਹੈ, ਪਰ ਦੂਜੇ ਪਾਸੇ ਹੈ ਦੇਵਤਾ ਨੁਮਾ ਇਨਸਾਨ। ਇਕ ਪਾਸੇ ਫ਼ਰਜ਼ ਪੁਕਾਰਦਾ ਹੈ, ਦੂਜੇ ਪਾਸੇ ਪਿਆਰ ਆਪਣੇ ਵਲ ਖਿਚਦਾ ਹੈ।

ਅਜ ਮੈਨੂੰ ਅਖਾਂ ਮਿਲ ਜਾਣਗੀਆਂ, ਕਿਹਾ ਚੰਗਾ ਹੁੰਦਾ, ਜੋ ਮੇਰੇ ਬਾਬਾ ਜੀਉਂਦੇ ਹੁੰਦੇ. ਮੈਨੂੰ ਅਖਾਂ ਨਾਲ ਵੇਖ ਕੇ ਕਿੰਨੇ ਖੁਸ਼ ਹੁੰਦੇ ਉਹ ਜੀਉਂਦੇ ਹੁੰਦੇ ਤਾਂ ਆਪਣੇ ਆਪ ਪਏ ਫੈਸਲਾ ਕਰਦੇ।......

[ਗੁਬਿੰਦਾ ਅੰਦਰ ਆਉਂਦਾ ਹੈ]

ਗੁਬਿੰਦਾ– ਦੀਪਾਂ।

Digitized by Panjab Digital Library | www.panjabdigilib.org

ਦੀਪਾਂ—(ਖੁਸ਼ ਹੋ ਕੇ) ਗੋਬਿੰਦਾ [ਗੋਬਿੰਦਾ ਆ ਕੇ ਕੁਰਸੀ ਤੇ ਬਹਿ ਜਾਂਦਾ ਹੈ]

ਗੋਬਿੰਦਾ—ਦੀਪਾਂ ਕਿੰਨੇ ਵਜੇ ਤੇਰੀ ਪਟੀ ਖੋਲ੍ਹਣੀ ਹੈ।

ਦੀਪਾਂ—ਹੁਣੇ ਡਾਕਟਰ ਆਉਣ ਵਾਲਾ ਹੀ ਹੋਵੇਗਾ। ਗੋਬਿੰਦੇ ਤੂੰ ਕਲ ਪਤਣ ਤੇ ਨਹੀਂ ਸੈਂ ਗਿਆ।

ਗੋਬਿੰਦਾ—ਨਹੀਂ ਦੀਪਾਂ।

ਦੀਪਾਂ—ਚਾਚੇ ਚਾਚੀ ਨੂੰ ਦਸ ਕੇ ਆਇਆ ਸੈਂ।

ਗੋਬਿੰਦਾ—ਨਹੀਂ। ਉਹਨਾਂ ਨੂੰ ਆਖ ਆਇਆ ਸਾਂ ਸ਼ਾਮ ਨੂੰ ਆ ਜਾਵਾਂਗਾ ਪਰ ਮੈਂ ਤਾਂ ਹਸਪਤਾਲ ਦੇ ਬਾਗ਼ ਵਿਚ ਹੀ ਰਾਤ ਕਟ ਲਈ ਹੈ।

ਦੀਪਾਂ—ਤੂੰ ਦੀਵਾਨ ਸਾਹਿਬ ਕੋਲ ਜਾਣਾ ਸੀ।

ਗੋਬਿੰਦ—ਉਹ ਅਮੀਰ ਆਦਮੀ ਮੈਨੂੰ ਕਦ ਓਥੇ ਰਹਿਣ ਦੇਂਦੇ।

ਦੀਪਾਂ—ਤੂੰ ਮੇਰੇ ਕੋਲ ਆਉਂਦਾ ਮੈਂ ਉਹਨਾਂ ਨੂੰ ਆਖ ਦੇਂਦੀ। ਪਰ ਗੋਬਿੰਦ, ਚਾਚਾ ਤੇ ਚਾਚੀ ਫਿਕਰ ਕਰਦੇ ਹੋਣਗੇ।

ਗੋਬਿੰਦ—ਦੀਪਾਂ ਮੈਂ ਤੈਨੂੰ ਲੈ ਕੇ ਚਲਾਂਗਾ। ਆਪੇ ਖੁਸ਼ ਹੋ ਜਾਣਗੇ। ਦੀਪਾਂ ਤੂੰ ਕੀ ਫੈਸਲਾ ਕੀਤਾ ਹੈ, ਤੂੰ ਆਖਦੀ ਸੈਂ ਅਖਾਂ ਮਿਲਣ ਤੇ ਫੈਸਲਾ ਕਰੇਂਗੀ।

ਦੀਪਾਂ—(ਮੁਸਕਾ ਕੇ) ਪਰ ਮੈਂ ਨੂੰ ਹਾਲੀ ਅਖਾਂ ਮਿਲਣੀਆਂ ਤੇ ਨਹੀਂ।

ਗੋਬਿੰਦ—ਹੁਣ ਮਿਲ ਹੀ ਜਾਣਗੀਆਂ।

ਦੀਪਾਂ—ਮਿਲਣ ਗੀਆਂ ਤੇ ਫਿਰ ਫੈਸਲਾ ਕਰਾਂਗੀ।

ਗੋਬਿੰਦ—ਐਵੇਂ ਢਕਵੰਜ ਡਾਹੀ ਜਾਨੀਂ ਹੈ, ਦੀਪਾਂ ਜੋ ਫੈਸਲਾ ਕਰਨਾ ਈਂ, ਪਰਾਂ ਕਰ, ਮੈਨੂੰ ਪਤਾ ਲਗੇ ਮੇਰੇ ਜੀਊਣ ਦੇ ਕਿੰਨੇ ਕੁ ਦਿਹਾੜੇ ਨੇ।

ਦੀਪਾਂ—(ਕਿਸੇ ਫੈਸਲੇ ਤੇ ਉਪੜ ਕੇ) ਔਖਾ ਇਹ ਗਲ ਹੈ। ਪਰ ਗੋਬਿੰਦ ਦੀਵਾਨ ਸਾਹਿਬ ਅਮੀਰ ਨੇ ਉਨਹਾਂ-ਦਾ ਹੱਥ ਵੱਡਾ ਹੈ, ਉਹ......

ਗੋਬਿੰਦ—(ਚੀਕ ਕੇ) ਦੀਪਾਂ...........

Digitized by Panjab Digital Library | www.panjabdigilib.org

ਦੀਪਾਂ–ਚੀਕ ਨਾਂ। ਮੈਂ ਅਪਣੇ ਜੀਵਨ ਦੇ ਪਹਿਲੇ ਪੰਦਰਾ ਵਰ੍ਹੇ ਅਮੀਰੀ ਵੇਖੀ, ਫਿਰ ਸਤ ਸਾਲ ਗਰੀਬੀ, ਜਿਥੇ ਮੈਨੂੰ ਰਜ ਕੇ ਰੋਟੀ ਵੀ ਨਹੀਂ ਸੀ ਮਿਲਦੀ। ਚਜ ਦਾ ਕਪੜਾ ਹੰਡਾਣਾ ਸੁਫਨਾ ਹੋ ਗਿਆ ਸੀ,ਮੇਰਾ ਬਾਬਾ ਦੁਆਈ ਖੁਣੋਂ ਅਡੀਆਂ ਰਗੜ ਰਗੜ ਕੇ ਤੇ ਤਰਲੇ ਲੈ ਲੈ ਕੇ ਪ੍ਰਲੋਕ ਚਲਾ ਗਿਆ। ਤੂੰ ਮੈਨੂੰ ਫਿਰ ਉਸ ਜੀਵਨ ਵਲ ਲਿਜਾਣਾ ਚਾਹੁੰਦਾ ਹੈ।

ਗੋਬਿੰਦ–(ਤ੍ਰਿਹਾਡ ਅਖਾਂ ਨਾਲ) ਦੀਪਾਂ ਮੈਂ ਤੈਨੂੰ ਲੈ ਕੇ ਸ਼ਹਿਰ ਆ ਜਾਂਗਾ। ਏਥੇ ਮਿਹਨਤ ਮਜ਼ਦੂਰੀ ਕਰਕੇ ਢਿਡ ਭਰ ਲਾਂਗੇ। ਮੇਰੇ ਪਿਆਰ ਨੂੰ ਇੰਝ ਸਟ ਨਾਂ ਮਾਰ, ਸਤ ਸਾਲ ਦਾ ਪਿਆਰ............... (ਅਖਾਂ ਛਲਕ ਪੈਂਦੀਆਂ ਹਨ)।

ਦੀਪਾਂ–ਹੋ ਨਾਂ। ਗਰੀਬੀ ਵਿਚ ਪਿਆਰ ਕਿਸੇ ਅਰਥ ਨਹੀਂ। ਉਥੇ ਪਿਆਰ ਕੀ ਕਰੇਗਾ, ਜਦ ਢਿਡ ਭਰਨ ਦਾ ਹੀ ਸੈਂਸਾਂ ਰਹੇ। ਫਿਰ ਸ਼ਹਿਰ ਵਿਚ ਤੂੰ ਮਜ਼ਦੂਰ ਹੋਵੇਂਗਾ ਤੇ ਦੀਵਾਨ ਸਾਹਿਬ ਮੋਟਰਾਂ ਵਿਚ ਬੈਠਣਗੇ।

ਗੋਬਿੰਦ–ਤਾਂ ਕੀ ਤੇਰਾ ਇਹ ਆਖਰੀ ਫੈਸਲਾ ਹੈ।

ਦੀਪਾਂ–ਵਕਤ ਪਛਾਨਣਾ ਤੇ ਸੰਭਾਲਣਾ ਸਿਆਣੇ ਪੁਰਸ਼ ਦੀ ਨਿਸ਼ਾਨੀ ਹੈ।

ਗੋਬਿੰਦ–ਤਾਂ ਕੀ ਅਧਖੜ ਉਮਰ ਦੇ ਅਮੀਰ ਦੀਵਾਨ ਨੂੰ ਤੂੰ ਸਵੀਕਾਰ ਕਰ ਲਏਂਗੀ ?

ਦੀਪਾਂ–ਕਿਉਂ ਨਹੀਂ, ਜਦ ਮੈਨੂੰ ਐਸ਼ਵਰਜ ਮਿਲਦਾ ਹੋਵੇ, ਤਾਕਤ ਮਿਲਦੀ ਹੋਵੇ, ਜਦ ਮੈਂ ਤੇਰੇ ਵਰਗੇ ਕਈਆਂ ਨੂੰ ਨੌਕਰ ਰਖ ਸਕਦੀ ਹੋਵਾਂ ਫਿਰ ਇਹੋ ਜਹੇ ਅਵਸੱਰ ਨੂੰ ਹਥੋਂ ਖੁੰਝਾ ਦੇਣਾ ਮੂਰਖਤਾ ਹੋਵੇਗੀ। ਜੋ ਤੀਵੀਂ ਇਸ ਹਾਲਤ ਵਿਚ ਅਮੀਰ ਮਰਦ ਨੂੰ ਠੁਕਰਾ ਦੇਵੇ, ਉਹ.................

ਗੋਬਿੰਦ–(ਚੀਕ ਕੇ) ਉਹ ਪ੍ਰਮਾਤਮਾ (ਕੰਨਾ ਤੇ ਹਥ ਰਖਦਾ ਹੈ).........ਮੈਂ

Digitized by Panjab Digital Library | www.panjabdigilib.org

ਭੁਲ ਗਿਆ, ਮੈਂ ਤੈਨੂੰ ਇਕ ਚੰਗੀ ਲੜਕੀ ਖਿਆਲ ਕੀਤਾ ਸੀ.........

[ਛੇਤੀ ਨਾਲ ਬਾਹਰ ਨਿਕਲ ਜਾਂਦਾ ਹੈ]

ਦੀਪਾਂ—(ਮੁਸਕਾ ਕੇ) ਗਿਆ।

[ਦੀਵਾਨ ਅੰਦਰ ਆਉਂਦਾ ਹੈ]

ਦੀਵਾਨ—(ਕੁਰਸੀ ਤੇ ਬੈਠਦਾ ਹੋਇਆ) ਦੀਪਾਂ ਇਹ ਕੌਣ ਸੀ। ਮੈਂ ਕਮਰੇ ਤੋਂ ਨਿਕਲਣ ਵਾਲੇ ਦੀ ਪਿੱਠ ਹੀ ਵੇਖ ਸਕਿਆ ਹਾਂ।

ਦੀਪਾਂ—ਇਹ ਗਬਿੰਦ ਸੀ, ਦੀਵਾਨ ਸਾਹਿਬ।

ਦੀਵਾਨ—ਹੂੰ। ਇਹ ਕਦ ਆਇਆ ਸੀ।

ਦੀਪਾਂ—ਦੂਜੇ ਤੀਜੇ ਮੇਰਾ ਹਾਲ ਪੁਛਣ ਆਉਂਦਾ ਰਿਹਾ ਹੈ। ਪਰ ਹੁਣ ਤੇ ਕਲ੍ਹ ਦਾ ਇਥੇ ਹੀ ਰਿਹਾ ਹੈ।

ਦੀਵਾਨ—ਹੁਣ ਚਲਾ ਕਿਉਂ ਗਿਆ?

ਦੀਪਾਂ—ਹੁਣੇ ਫਿਰ ਆਵੇਗਾ, ਪੱਟੀ ਦੇ ਖੁਲ੍ਹਣ ਵੇਲੇ।

ਦੀਵਾਨ—ਦੀਪਾਂ ਤੇਰੀ ਪੱਟੀ ਦੇ ਖੁਲ੍ਹਣ ਦਾ ਸਮਾਂ ਹੋ ਗਿਆ ਹੈ। ਆ........... ਹਾਂ.........ਮੈਂ ਕਿੰਨਾ ਖੁਸ਼ਨਸੀਬ ਹੋਵਾਂਗਾ, ਜਦ ਤੈਨੂੰ ਸੁਜਾਖਾ ਵੇਖਾਂਗਾ ਉਸ ਵੇਲੇ ਮੇਰੀ ਖੁਸ਼ੀ ਦਾ ਕੋਈ ਆਰਾ ਪਾਰ ਨਹੀਂ ਹੋਵੇਗਾ।

ਦੀਪਾਂ—ਇਹ ਤੁਹਾਡੀ ਅਪਾਰ ਕ੍ਰਿਪਾ ਹੈ, ਦੀਵਾਨ ਸਾਹਿਬ।

ਦੀਵਾਨ—ਤੇਰੀਆਂ ਅਖਾਂ ਠੀਕ ਹੋ ਜਾਣਗੀਆਂ, ਤਾਂ ਮੈਂ ਆਪਣੇ ਕੀਤੇ ਹੋਏ ਇਕਰਾਰ ਤੋਂ ਸੁਰਖਰੂ ਹੋ ਜਾਂਵਾਂਗਾ। ਤੇਰੇ ਬਾਬਾ ਨਾਲ ਕੀਤਾ ਇਕਰਾਰ, ਕਿ ਮੈਂ ਤੈਨੂੰ ਅਖਾਂ ਦਿਵਾਣ ਦਾ ਪੂਰਾ ਜਤਨ ਕਰਾਂਗਾ।

ਦੀਪਾਂ— ਕਿਉਂ ਨਹੀਂ ਦੀਵਾਨ ਸਾਹਿਬ ?

ਦੀਵਾਨ— ਪਰ ਦੀਪਾਂ, ਕੀ ਤੈਨੂੰ ਵੀ ਅਪਣੇ ਬਾਬਾ ਨਾਲ ਕੀਤਾ ਇਕਰਾਰ ਯਾਦ ਹੈ ਕਿ ਨਹੀਂ।

ਦੀਪਾਂ—ਕਿਹੜਾ ਦੀਵਾਨ ਸਾਹਿਬ ?

Digitized by Panjab Digital Library | www.panjabdigilib.org

ਦੀਵਾਨ–ਕਿ ਦੀਵਾਨ ਸਾਹਿਬ ਦੇ ਆਖੇ ਲਗੀਂ ; ਇਹ ਹੀ ਉਹਨਾਂ ਦੀ ਆਖਰੀ ਖ਼ਾਹਸ਼ ਸੀ।

ਦੀਪਾਂ–ਯਾਦ ਹੈ, ਦੀਵਾਨ ਸਾਹਿਬ, ਚੰਗੀ ਤਰਾਂ ਯਾਦ ਹੈ, ਮੈਂ ਸਦਾ ਤੁਹਾਡੇ ਆਖੇ ਲਗਾਂਗੀ। ਮੇਰੀ ਜਾਨ ਵੀ ਤੁਹਾਡੇ ਲਈ ਹਾਜ਼ਰ ਹੈ। ਮੈਂ ਤੁਹਾਡੇ ਹਸਾਣਾ ਦਾ ਬਦਲਾ ਸਾਰੀ ਉਮਰ ਨਹੀਂ ਦੇ ਸਕਦੀ। ਪਰ ਆਪ ਨੂੰ ਮੇਰੇ ਹਾਣ ਲਾਭ ਦਾ, ਮੇਰੇ ਅਰਮਾਨਾਂ ਦਾ ਪੂਰਾ ਸਤਕਾਰ ਕਰਨਾ ਚਾਹੀਦਾ ਹੈ।

ਦੀਵਾਨ–ਕਿਉਂ ਨਹੀਂ ! ਕਿਉਂ ਨਹੀਂ।

[ਡਾਕਟਰ ਤੇ ਨਰਸ ਅੰਦਰ ਆਉਂਦੇ ਹਨ]

ਡਾਕਟਰ–ਦੀਪਾਂ, ਬੀਬੀ ਰਾਜ਼ੀ ਹੈਂ। ਖੋਹਲੀਏ ਤੇਰੀ ਪੱਟੀ; ਤਿਆਰ ਹੈਂ।

ਦੀਪਾਂ–ਹਾਂ ਡਾਕਟਰ ਸਾਹਿਬ।

ਡਾਕਟਰ–ਤਾਂ ਵਿਖਾਈਏ ਦੁਨੀਆਂ ਦੇ ਰੰਗ !

[ਹਸਦਾ ਹੈ, ਬਾਕੀ ਦੇ ਮੁਸਕਾਂਦੇ ਹਨ]

ਦੀਪਾਂ–ਜ਼ਰੂਰ ਵਿਖਾਉ ਡਾਕਟਰ ਸਾਹਿਬ।

ਦੀਵਾਨ–ਡਾਕਟਰ ਸਾਹਿਬ, ਜੇ ਦੀਪਾਂ ਦੀਆਂ ਅਖਾਂ ਠੀਕ ਹੋ ਗਈਆਂ ... ...

ਡਾਕਟਰ–ਡਾਕਟਰ ਸਾਹਿਬ ਤੁਸੀਂ ਨਿਰਾਸ਼ਾ ਵਾਦੀ ਜਾਪਦੇ ਹੋ। ਡਾਕਟਰੀ ਤੇ ਸਾਇੰਸ ਦੇ ਅਸੂਲਾਂ ਵਿਚ 'ਜੇ' ਦਾ ਕੀ ਕੰਮ ... ... ਅੱਛਾ ਬੀਬੀ।

[ਉਸ ਕੋਲ ਜਾਂਦਾ ਹੈ]

ਦੀਪਾਂ–ਹਾਂ ਜੀ !

[ਡਾਕਟਰ ਪਟੀ ਖੋਲ੍ਹਦਾ ਹੈ, ਪਟੀ ਨਰਸ ਨੂੰ ਦੇ ਦੇਂਦਾ ਹੈ, ਦੀਵਾਨ ਸਾਹਿਬ ਬੜੀ ਉਤਸ਼ਕਤਾ ਨਾਲ ਪਟੀ ਖੁਲ੍ਹਣ ਦੀ ਉਡੀਕ ਕਰਦਾ ਹੈ, ਫਿਰ ਡਾਕਟਰ ਰੂੰ ਦੇ ਫਾਹੇ ਆਦਿ ਅਖਾਂ ਤੋਂ ਲਾਹੁੰਦਾ ਹੈ ਤੇ ਨਰਸ ਨੂੰ ਫੜਾ ਦੇਂਦਾ ਹੈ, ਗੁਬਿੰਦਾ ਅੰਦਰ ਆਉਂਦਾ ਹੈ]

Digitized by Panjab Digital Library | www.panjabdigilib.org

ਡਾਕਟਰ–ਅੱਛਾ ਬੀਬੀ ਏਧਰ ਵੇਖ, ਕੁਝ ਨਜ਼ਰ ਆਉਂਦਾ ਹੈ ?

ਦੀਪਾਂ–ਹਾਂ ਡਾਕਟਰ ਸਾਹਿਬ।

ਡਾਕਟਰ–ਕੀ ?

ਦੀਪਾਂ–ਤੁਸੀ ਤੇ ਤੁਹਾਡੇ ਹਥ ਦੀਆਂ ਚਾਰ ਉਂਗਲਾਂ।

ਡਾਕਟਰ–ਠੀਕ। ਦੀਵਾਨ ਸਾਹਿਬ ਮੁਬਾਰਕ।

ਦੀਵਾਨ–ਧਨਵਾਦਿ ਡਾਕਟਰ ਸਾਹਿਬ।

ਨਰਸ–ਵਧਾਈ ਦੀਵਾਨ ਸਾਹਿਬ।

ਦੀਵਾਨ–ਸ਼ੁਕਰੀਆ।

ਡਾਕਟਰ–ਅੱਛਾ, ਆਗਿਆ ਦਿਉ।

[ਡਾਕਟਰ ਤੇ ਨਰਸ ਬਾਹਰ ਨਿਕਲ ਜਾਂਦੇ ਹਨ]

ਦੀਵਾਨ–(ਖੁਸ਼ੀ ਵਿਚ) ਦੀਪਾਂ।

[ਉਸਦਾ ਹਥ ਫੜਦਾ ਹੈ]

ਗੁਬਿੰਦਾ–(ਚੀਕ ਕੇ) ਦੀਪਾਂ। ਠੀਕ ਅਖੀਆਂ ਨਾਲ ਤੂੰ ਮ੍ਰਿਗਨੈਣੀ ਲਗਣੀ ਐਂ।

ਦੀਪਾਂ–ਗੋਬਿੰਦ (ਖੁਸ਼ ਹੈ)

ਦੀਵਾਨ–ਆਉ ਘਰ ਚਲੀਏ, ਦੀਪਾਂ।

ਦੀਪਾਂ–ਚਲੋ ਦੀਵਾਨ ਸਾਹਿਬ। ਆਓ ਗੋਬਿੰਦ।

[ਦੀਵਾਨ ਦੀਪਾਂ ਦਾ ਹਥ ਫੜ ਕੇ ਖੁਸ਼ੀ ਖੁਸ਼ੀ ਬਾਹਰ ਨਿਕਲਦਾ ਹੈ, ਗੁਬਿੰਦਾ ਪਿਛੇ ਜਾਂਦਾ ਹੈ]

ਪਰਦਾ

Digitized by Panjab Digital Library | www.panjabdigilib.org

# ਝਾਕੀ ਦੂਜੀ

ਦੀਵਾਨ ਸਾਹਿਬ ਦੀ ਕੋਠੀ ਦਾ ਦੂਜੇ ਐਕਟ ਵਾਲਾ ਕਮਰਾ। ਇਹ ਕਮਰਾ ਉਥੇ ਹੀ ਸਜਿਆ ਹੋਇਆ ਹੈ।

ਵੇਲਾ ਅਗਲੇ ਦਿਨ ਸਵੇਰ ਦਾ ਅਠ ਵਜੇ ਦਾ, ਪਰਦਾ ਉਠਦਾ ਹੈ,

ਦੀਪਾਂ ਕਾਊਚ ਤੇ ਬੈਠੀ ਹੈ, ਗੁਬਿੰਦਾ ਉਸੇ ਚੌਕੀ ਤੇ ਬੇਠਾ ਹੈ]

ਦੀਪਾਂ–ਤੈਨੂੰ ਕੋਈ ਰਾਤੀਂ ਇਥੇ ਤਕਲੀਫ਼ ਤੇ ਨਹੀਂ ਹੋਈ।

ਗੁਬਿੰਦਾ–ਜਿਥੇ ਤੂੰ ਹੋਵੇਂ ਦੀਪਾਂ, ਉਥੇ ਤਕਲੀਫ ਕਿਉਂ ਹੋਵੇਗੀ। ਹਾਂ ਪਰ ਮੈਂ ਦੀਵਾਨ ਦਾ ਵਤੀਰਾ ਨਹੀਂ ਪਸੰਦ ਕਰਦਾ।

ਦੀਪਾਂ–ਉਹ ਤੈਨੂੰ ਕੁਝ ਆਖਦੇ ਤੇ ਨਹੀਂ।

ਗੁਬਿੰਦਾ–ਆਖਦੇ ਤੇ ਨਹੀਂ, ਪਰ ਦਿਲੋਂ ਪਸੰਦ ਵੀ ਨਹੀਂ ਕਰਦੇ।

ਦੀਪਾਂ–ਹੂੰ, ਫਿਰ।

ਗੁਬਿੰਦਾ– ਫਿਰ ਕੀ, ਇਸਦਾ ਇਲਾਜ ਤੇਰੇ ਹਥ ਹੈ, ਉਹ ਇਹ ਸਮਝਦਾ ਹੈ, ਕਿ ਤੂੰ ਉਸਦੀ ਹੈਂ, ਮੈਂ ਸਮਝਣਾ ਤੂੰ ਮੇਰੀ ਹੈਂ। (ਦੀਪਾਂ ਹਸਦੀ ਹੈ) ਤੇਰੇ ਲਈ ਇਹ ਖੇਡ ਹੈ, ਪਰ ਮੇਰੀ ਜਾਨ ਨੂੰ ਬਣੀ ਹੋਈ ਹੈ। (ਦੀਪਾਂ ਫਿਰ ਹਸਦੀ ਹੈ) ਜਿਵੇਂ ਬਿਲੀ ਚੂਹੇ ਨੂੰ ਆਪਣੇ ਮੂੰਹ ਵਿਚ ਫੜ ਕੇ ਉਸ ਨਾਲ ਖੇਡਦੀ ਹੈ, ਤਿਵੇਂ ਤੂੰ ਕਰਨੀ ਹੈ।

ਦੀਪਾਂ--ਗੋਬਿੰਦੇ ਮੈਂ ਕਿਸੇ ਫੈਸਲੇ ਤੇ ਨਹੀਂ ਅਪੜ ਸਕੀ। ਮੇਰੀ ਜਾਨ ਦੁਪਾਸੀਂ ਫਸੀ ਹੋਈ ਹੈ। ਮੈਂ ਦੀਵਾਨ ਸਾਹਿਬ ਦੇ ਹਸਾਨਾ ਦੇ ਭਾਰ ਹੇਠਾਂ ਦਬੀ ਹੋਈ ਹਾਂ। ਤੇਰੇ ਨਾਲ ਮੈਂ ਜੀਵਨ ਦੇ ਸਤ ਸਾਲ ਗੁਜ਼ਾਰੇ ਨੇ। ਮੇਰੀ ਹਾਲਤ ਤੇ ਉਸ ਸੱਪ ਵਾਂਗ ਹੈ, ਜਿਸਦੇ ਮੂੰਹ ਵਿਚ ਕੋਹੜ, ਕਿਰਲੀ ਹੋਵੇ, ਖਾਏ ਅੰਨਾ, ਛਡੇ ਕੋਹੜਾ।

ਗੁਬਿੰਦਾ–ਪਰ ਦੀਪਾਂ ਤੈਨੂੰ ਕੋਈ ਫੈਸਲਾ ਕਰਨਾ ਪਏਗਾ, ਮੈਂ ਸਦਾ ਲਈ ਬਹਿ ਨਹੀਂ ਸਕਦਾ, ਤੇ ਨਾ ਹੀ ਦੀਵਾਨ ਮੈਨੂੰ ਬੈਠਣ ਦੇਵੇਗਾ। ਪਰ

Digitized by Panjab Digital Library | www.panjabdigilib.org

ਯਾਦ ਰੱਖ ਮੋਤੀ ਆਪਣੇ ਵਾਂਗ ਦੇ ਮੋਤੀਆਂ ਵਿਚ ਪਰੁਚ ਕੇ ਹੀ ਸ਼ੋਭਾ ਦੇਂਦਾ ਹੈ।

ਦੀਪਾਂ—ਇਹ ਤੇ ਮੈਂ ਵੀ ਸਮਝਦੀ ਹਾਂ।

ਗੋਵਿੰਦਾ—ਦੀਵਾਨ ਅਮੀਰ ਹੈ, ਅਸੀਂ ਗਰੀਬ ਹਾਂ, ਤੇਰੀ ਪਿਛਲੀ ਅਮੀਰੀ ਕਿਸੇ ਲੇਖੇ ਵਿਚ ਨਹੀਂ। ਗਰੀਬ ਹੋ ਕੇ ਅਮੀਰ ਨੂੰ ਜਫਾ ਮਾਰਨਾ ਦੁਖ ਦਾਈ ਹੁੰਦਾ ਹੈ।ਆਪਣੇ ਵਿੱਤ ਵਿਚ ਰਹਿਣਾ ਠੀਕ ਬਣਦਾ ਹੈ। ਆਪਣੇ ਤੋਂ ਉਚੀ ਛਾਲ ਮਾਰਨ ਨਾਲ ਗਿਟੇ ਗੋਡੇ ਰਗੜੇ ਜਾਂਦੇ ਨੇ।

ਦੀਪਾਂ—(ਕੁਝ ਸੋਚਦੀ ਹੋਈ) ਹੂੰ।

ਗੋਬਿੰਦਾ—ਸ਼ਹਿਰੀਏ ਤੇ ਅਮੀਰ ਆਦਮੀ ਇਕ ਫੁਲ ਨੂੰ ਬਹੁਤਾ ਚਿਰ ਨਹੀਂ ਸੁੰਘਦੇ ਰਹਿੰਦੇ। ਭੌਰੇ ਵਾਂਗ ਕਲੀ ਕਲੀ ਦਾ ਰਸ ਚੂਸਣਾ ਇਹਨਾਂ ਦਾ ਕ੍ਰਤਵਯ ਹੈ।

[ਦੀਵਾਨ ਅੰਦਰ ਆਉਂਦਾ ਹੈ]

ਦੀਵਾਨ—ਦੀਪਾਂ। (ਉਸ ਕੋਲ ਆ ਕੇ ਬਹਿ ਜਾਂਦਾ ਹੈ) ਦੀਪਾਂ। [ਦੀਪਾਂ ਚੁਪ ਰਹਿੰਦੀ ਹੈ] ਦੀਪਾਂ ਅਜ ਬੋਲੇਂਗੀ ਨਹੀਂ।

ਦੀਪਾਂ—ਦੀਵਾਨ ਸਾਹਿਬ।

ਦੀਵਾਨ—ਦੀਪਾਂ ਕੀ ਗਲ ਹੈ।

ਦੀਪਾਂ—ਦੀਵਾਨ ਸਾਹਿਬ ਮੈਂ ਤੁਹਾਡੀ ਅਤਿ ਰਿੱਣੀ ਹਾਂ, ਕਿ ਤੁਸਾਂ ਮੇਰੇ ਲਈ ਇਨਾਂ ਕੁਝ ਕੀਤਾ ਹੈ। ਇਹ ਪਰਉਪਕਾਰ ਮੈਂ ਤੁਹਾਡੇ ਕਦੇ ਭੁਲਾ ਨਹੀਂ ਸਕਦੀ............

ਦੀਵਾਨ-(ਹੈਰਾਨ ਹੋ ਕੇ) ਕਿਹੋ ਜਹੀਆਂ ਬੇਬਵ੍ਹੀਆਂ ਗਲਾਂ ਕਰਨੀ ਹੈ।

ਦੀਪਾਂ—ਦੀਵਾਨ ਸਾਹਿਬ, ਮੈਂ ਸਮਝਦੀ ਹਾਂ ਮੈਨੂੰ ਹੁਣ ਅਪਣੇ ਪਤਣ ਤੇ ਮੁੜ ਜਾਣਾ ਚਾਹੀਦਾ ਹੈ।

Digitized by Panjab Digital Library | www.panjabdigilib.org

ਗੁਬਿੰਦਾ ]
ਦੀਵਾਨ ] (ਕੱਠੇ ਹੀ, ਪਰ ਵਖੋ ਵਖ ਭਾਵਾਂ ਵਿਚ) ਦੀਪਾਂ।

ਦੀਪਾਂ– ਦੀਵਾਨ ਸਾਹਿਬ, ਮੈਂ ਤੁਹਾਡੇ ਸਮਾਜ ਵਿਚ ਨਹੀਂ ਗੁਜ਼ਾਰਾ ਕਰ ਸਕਦੀ। ਮੈਂ ਗਵਾਰ ਤੇ ਅੰਵਾਣ ਹਾਂ। ਤੁਹਾਡਾ ਸਮਾਜ ਅਮੀਰਾਂ ਦਾ ਸਮਾਜ ਹੈ। ਇਸ ਛਪੱੜ ਤੇ ਟੋਭੇ ਦੀ ਮੱਛੀ ਸਮੁੰਦਰ ਵਿਚ ਜਾ ਕੇ ਗੁਆਚ ਜਾਂਦੀ ਹੈ। ਉਸ ਨੂੰ ਪਗ ਪਗ ਤੇ ਵਡੀਆਂ ਮੱਛੀਆਂ ਖਾਣ ਨੂੰ ਆਉਂਦੀਆਂ ਹਨ।

ਦੀਵਾਨ–ਪਤਣ ਤੇ ਜਾ ਕੇ ਤੂੰ ਕੀ ਕਰਨਾ ਚਾਹੁੰਦੀ ਹੈਂ ?

ਦੀਪਾਂ–ਮੈਂ ਆਪਣੀ ਕਿਸਮਤ ਨੂੰ ਗੋਬਿੰਦੇ ਦੀ ਕਿਸਮਤ ਨਾਲ ਜੋੜਨਾ ਚਾਹੁੰਦੀ ਹਾਂ।

ਦੀਵਾਨ–ਜੇ ਕਰ ਮੈਂ ਇਸ ਗਲ ਦੀ ਆਗਿਆ ਨਾ ਦੇਵਾਂ ?

ਦੀਪਾਂ–ਤਾਂ ਮੈਨੂੰ ਤੁਹਾਡੀ ਆਗਿਆ ਦਾ ਉਲੰਘਣ ਕਰਨਾ ਪਵੇਗਾ।

ਦੀਵਾਨ– ( ਚੀਕ ਕੇ ) ਦੀਪਾਂ। ......... ਦੀਪਾਂ ............

ਦੀਪਾਂ–ਦੀਵਾਨ ਸਾਹਿਬ।

ਦੀਵਾਨ–ਤੇਰੇ ਬਾਬਾ ਦੀ ਆਖਰੀ ਖ਼ਾਹਸ਼, ............ ਮੇਰੀ ਆਗਿਆ ............

ਦੀਪਾਂ–ਦੀਵਾਨ ਸਾਹਿਬ,ਮੈਂ ਅਪਣਾ ਭਲਾ ਬੁਰਾ ਪਛਾਣਦੀ ਹਾਂ।ਮਰਨ ਵਾਲਾ ਤੇ ਮਰ ਗਿਆ ਮੈਂ ਉਸ ਨਾਲ ਮਰ ਤਾਂ ਨਹੀਂ ਨਾ ਸਕਦੀ। ਮੇਰੇ ਬਾਬਾ ਦੀ ਆਖ਼ਰੀ ਖਾਹਸ਼ ਦਾ ਇਹ ਭਾਵ ਨਹੀਂ ਸੀ, ਕਿ ਮੈਂ ਅਪਣੇ ਅਰਮਾਣ ਕੁਚਲ ਦਿਆਂ, ਮਧੋਲ ਦਿਆਂ। ਮੈਂ ਆਪਣੀਆਂ ਖਾਹਿਸ਼ਾਂ ਦਾ ਅੰਤ ਕਰ ਦਿਆਂ

ਦੀਵਾਨ–ਮੇਰੀ ਆਗਿਆ.........

ਦੀਪਾਂ–ਤੁਸਾਂ ਹੀ ਆਖਿਆ ਸੀ, ਕਿ ਤੁਸੀਂ ਮੇਰੇ ਹਾਣ ਦੀ ਕੋਈ ਗਲ

Digitized by Panjab Digital Library | www.panjabdigilib.org

ਨਹੀਂ ਕਰੋਗੇ। ਇਥੇ ਰਹਿਣ ਵਿਚ ਮੇਰਾ ਹਾਣ ਹੈ। ਤੁਸਾਂ ਹੀ ਮੈਨੂੰ ਅਖਾਂ ਵਾਲੀ ਹੋ ਕੇ ਅਖਾਂ ਦੀ ਵਰਤੋਂ ਠੀਕ ਕਰਨ ਲਈ ਆਖਿਆ ਸੀ ਮੇਰੀਆਂ ਅਖਾਂ, ਮੇਰਾ ਦਿਲ ਗੋਬਿੰਦ ਵਲ ... ... ... ...

ਗੋਬਿੰਦਾ–ਦੀਪਾਂ ... ... ... (ਖੁਸ਼ ਹੈ) ... ... ... ਦੀਪਾਂ ... ...... ਆ ਚਲੀਏ।

[ਦੀਪਾਂ ਤੇ ਗੁਬਿੰਦਾ ਉਠ ਕੇ ਬਾਹਰ ਨਿਕਲਦੇ ਹਨ]

ਦੀਵਾਨ–(ਚੀਕਦਾ ਹੈ) ਦੀਪਾਂ ... ... ਦੀਪਾਂ ... ... ਤੇਰੇ ਬਾਬਾ ਦੀ ਆਖਰੀ ਖਾਹਿਸ਼... ... ਦੀਪਾਂ ... ...

[ਨੌਕਰ ਅੰਦਰ ਆਉਂਦਾ ਹੈ, ਉਸਦੇ ਪਿਛੇ ਹੀ ਮੋਹਣ ਤੇ ਦੁਰਗੀ ਹਨ]।

ਨੌਕਰ–ਇਹ ਤੁਹਾਨੂੰ ਮਿਲਣਾ ਚਾਹੁੰਦੇ ਹਨ ਜੀ, ਮੇਰੇ ਨਾਲ ਹੀ ਆ ਗਏ ਹਨ।

[ਦੀਵਾਨ ਉਹਨਾਂ ਵਲ ਅਖਾਂ ਪਾੜ ਕੇ ਵੇਖਦਾ ਹੈ ਨੌਕਰ ਚਲਾ ਜਾਂਦਾ ਹੈ, ਦੀਵਾਨ ਉਹਨਾਂ ਵਲ ਵੇਖੀ ਜਾਂਦਾ ਹੈ, ਵੇਖੀ ਜਾਂਦਾ ਹੈ]

ਮੋਹਣ–(ਹਥ ਜੋੜਕੇ ਡਰਦਾ ਡਰਦਾ) ਹਜ਼ੂਰ..............ਦੀਪਾਂ......  ............ ਗੋਬਿੰਦ......

ਦੀਵਾਨ–(ਹੁਕਮ ਦੇ ਕੇ) ਅੰਦਰ ਆਉ।

[ਮੋਹਣ ਡਰਦਾ ਡਰਦਾ ਅੰਦਰ ਆਉਂਦਾ ਹੈ]

ਦੁਰਗੀ–(ਉਥੋਂ ਹੀ ਡਰਦੀ ਹੋਈ) ਸਰਕਾਰ ਮੇਰਾ ਗੁਬਿੰਦਾ ਤਿੰਨਾ ਦਿਨਾਂ ਦਾ ਘਰ ਨਹੀਂ ਗਿਆ.................

ਦੀਵਾਨ–(ਕੜਕ ਕੇ) ਚੁਪ ਕਰੋ.........(ਮੋਹਣ ਨੂੰ) ਤੂੰ ਕੌਣ ਹੈਂ?

Digitized by Panjab Digital Library | www.panjabdigilib.org

ਮੋਹਣ–(ਡਰ ਕੇ) ਮ......ਮ......ਮ......ਮੈਂ......ਮੋਹਣ ਮਲਾਹ ਆਂ।

ਦੀਵਾਨ–ਉਹ ਨਾਲਾਇਕ ਛੋਕਰਾ ਤੇਰਾ ਮੁੰਡਾ ਹੈ! (ਮੋਹਣ ਚੁਪ ਕਰ ਰਹਿੰਦਾ ਹੈ) ਬੋਲ! (ਮੋਹਣ ਫਿਰ ਵੀ ਚੁਪ ਹੈ) ਬੋਲ !! (ਦੁਰਗੀ ਨੂੰ) ਬੁੱਢੀਏ, ਇਹ ਮੁੰਡਾ ਤੇਰਾ ਹੈ ?

ਦੁਰਗੀ–(ਡਰਦੀ ਹੋਈ) ਹਾਂ ਸਰਕਾਰ ਹੁਣ ਤੇ ਮੇਰਾ ਹੀ ਐ।

ਦੀਵਾਨ–(ਕੜਕ ਕੇ) ਹੁਣ! (ਮੋਹਣ ਵਲ ਵੇਖਕੇ) ਤੂੰ ਵੀ ਬੋਲ (ਉਸ ਵਲ ਗੋਹ ਨਾਲ ਵੇਖਦਾ ਹੈ ਤੇ ਛੇਤੀ ਨਾਲ ਉਤਾਂਹ ਉਠ ਕੇ ਉਸਨੂੰ ਗਲੋਂ ਫੜ ਲੈਂਦਾ ਹੈ) ਬੰਸੀ! ਬੰਸੀ !! ਆਖਰ ਤੂੰ ਮੇਰੇ ਪੰਜੇ ਵਿਚ ਆ ਹੀ ਗਿਉਂ।

ਮੋਹਣ ਹਥ ਜੋੜਦਾ ਹੈ ਉਸ ਦਾ ਸਾਹ ਰੁਕਦਾ ਜਾਂਦਾ ਹੈ] ਛੱਬੀ ਸਾਲ, ਮੈਂ ਤੇਰੀ ਉਡੀਕ ਕਰਦਾ ਰਿਹਾਂ, ਭਾਲ ਕਰਦਾ ਰਿਹਾਂ; ਤੂੰ ਮੈਨੂੰ ਬਰਬਾਦ ਕਰ ਦਿਤਾ।

ਮੋਹਣ– ਅ ........ ਅ ........... ਰ ........... ਗ ......... ਰ ...........

( ਦੁਰਗੀ ਅਗੇ ਵਧ ਕੇ ਉਸ ਨੂੰ ਛੁਡਾਣ ਦਾ ਜਤਨ ਕਰਦੀ ਹੈ, ਪਰ ਦੀਵਾਨ ਨੂੰ ਗੁਸਾ ਚੜ੍ਹਿਆ ਹੋਇਆ ਹੈ, ਉਹ ਛਡਦਾ ਨਹੀਂ )

ਦੁਰਗੀ– ( ਰੌਲਾ ਪਾਂਦੀ ਹੋਈ ) ਕੋਈ ਬਚਾਉ ...........ਬਚਾਉ......
( ਨੌਕਰ, ਦੀਪਾਂ ਤੇ ਗੋਬਿੰਦਾ ਭਜੇ ਆਉਂਦੇ ਹਨ )

ਗੋਬਿੰਦਾ– ( ਮੋਹਣ ਨੂੰ ਤੇ ਦੁਰਗੀ ਨੂੰ ਦੇਖ ਕੇ ) ਬਾਪੂ! ਮਾਂ !! (ਉਹਨਾਂ ਵਲ ਵਧਦਾ ਹੈ )

Digitized by Panjab Digital Library | www.panjabdigilib.org

ਦੀਪਾਂ– ਦੀਵਾਨ ਜੀ !

[ਉਸ ਵਲ ਵਧਦੀ ਹੈ, ਗੁਬਿੰਦਾ ਅਗੇ ਵਧਕੇ ਮੋਹਣ ਨੂੰ ਦੀਵਾਨ ਕੋਲੋਂ ਛੁਡਾਣ ਦਾ ਜਤਨ ਕਰਦਾ ਹੈ, ਪਰ ਦੀਵਾਨ ਛੇਤੀ ਨਾਲ ਮੋਹਨ ਨੂੰ ਛਡ ਕੇ ਗੁਬਿੰਦੇ ਨੂੰ ਅਪਣੀ ਜਫ ਵਿਚ ਲੈ ਕੇ ਆਪਣੇ ਨਾਲ ਘੁਟ ਲੈਂਦਾ ਹੈ]

ਦੀਵਾਨ–ਵਿਦਿਆ ਭੂਸ਼ਨ.........ਮੇਰਾ ਵਿਦਿਆ............ਕਿਸ਼ਨੀ................ ਵਿਦਿਆ...............

[ਉਸ ਨੂੰ ਛਡ ਕੇ ਫਿਰ ਮੋਹਣ ਨੂੰ ਫੜ ਲੈਂਦਾ ਹੈ]

ਦੁਰਗੀ–(ਹਥ ਜੋੜ ਕੇ) ਸਾਨੂੰ ਖਿਮਾਂ ਕਰ ਦਿਉ, ਸਰਕਾਰ, ਕਿਸਮਤ ਨੇ ਸਾਨੂੰ ਅਗੇ ਹੀ ਏਸ ਪਾਪ ਦੀ ਬੜੀ ਸਜ਼ਾ ਦਿਤੀ ਹੈ। ਸਾਨੂੰ ਸਾਰੀ ਉਮਰ ਨਿਰਸੰਤਾਨ ਰਖਿਆ ਹੈ।

ਦੀਵਾਨ–ਛੱਬੀ ਸਾਲ ! ਤੂੰ ਮੇਰੀ ਜ਼ਿੰਦਗੀ ਬਰਬਾਦ ਕਰ ਰੱਖੀ !!, ਬੰਸੀ ! ਬੰਸੀ !!

[ਉਸਦੀ ਧੌਣ ਫਿਰ ਫੜ ਕੇ ਘੁਟਣ ਲਗਦਾ ਹੈ, ਗੁਬਿੰਦਾ ਹੈਰਾਨ ਹੋ ਕੇ ਅਗੇ ਵਧਦਾ ਹੈ। ਮਾਰੇ ਹੈਰਾਨ ਹੋ ਕੇ ਬਿਟ ਬਿਟ ਵੇਖਦੇ ਹਨ]।

## ਪਰਦਾ

Digitized by Panjab Digital Library | www.panjabdigilib.org